**ਸੰਗੀਤ ਅਤੇ ਕਾਵਿ ਦੀ ਦ੍ਰਿਸ਼ਟੀ ਤੋਂ ਖ਼ਿਆਲ ਗਾਇਨ ਸ਼ੈਲੀ ਦਾ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਸਰੂਪ** (ਪ੍ਰਸਤੁਤ ਕਰਤਾ - ਪ੍ਰੇਮ ਸਾਗਰ)

ਖ਼ਿਆਲ ਗਾਇਨ ਵਰਤਮਾਨ ਸਮੇਂ ਦੀ ਸਭ ਤੋਂ ਲੋਕਪ੍ਰਿਯ ਸ਼ਾਸਤਰੀ ਗਾਇਨ ਸ਼ੈਲੀ ਹੈ। ਇਹੀ ਕਾਰਨ ਹੈ ਕਿ ਅੱਜ ਕਲ ਰਾਗ ਗਾਇਨ ਅਤੇ ਸ਼ਾਸਤਰੀ ਗਾਇਨ ਦਾ ਸਹਿਜ ਅਰਥ ਖ਼ਿਆਲ ਗਾਇਨ ਤੋਂ ਹੀ ਲਿਆ ਜਾਂਦਾ ਹੈ। ਬੇਸ਼ਕ ਧਰੂਪਦ ਅਤੇ ਧਮਾਰ ਵੀ ਸ਼ਾਸਤਰੀ ਸੰਗੀਤ ਦੇ ਹੀ ਸਨਾਤਨ ਰੂਪ ਹਨ ਪਰ ਖ਼ਿਆਲ ਗਾਇਨ ਆਪਣੀ ਲੋਕਪ੍ਰਿਯਤਾ ਕਰਕੇ ਆਧੁਨਿਕ ਰਾਗ ਸੰਗੀਤ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ।

ਅਭਿਵਿਅੰਜਨਾ ਦੀ ਅਸੀਮਤ ਸੰਭਾਵਨਾਵਾਂ ਦੇ ਫਲਸਰੂਪ ਖ਼ਿਆਲ ਗਾਇਨ ਵਰਤਮਾਨ ਸਮੇਂ ਵਿਚ ਸਭ ਤੋਂ ਲੋਕਪ੍ਰਿਯ ਸ਼ਾਸਤਰੀ ਗਾਇਨ ਵਿਧਾ ਹੈ। ਖ਼ਿਆਲ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਕਲਪਨਾ, ਧਿਆਨ ਅਤੇ ਵਿਚਾਰ। ਇਸ ਬਾਰੇ ਡਾ. ਗੀਤਾ ਪੈਂਟਲ ਦਾ ਵਿਚਾਰ ਇਸ ਪ੍ਰਕਾਰ ਹੈ:-

*"ਖਿਆਲ ਸ਼ਬਦ ਦਾ ਸ਼ੁਧ ਉਚਾਰਨ ਖ਼ਿਆਲ ਹੈ ਅਜਿਹਾ ਵਿਦਵਾਨਾਂ ਦਾ ਮੱਤ ਹੈ। ਇਹ ਸ਼ੈਲੀ ਭਾਰਤੀ ਸੰਗੀਤ ਦੀ ਆਧੁਨਿਕ ਸ਼ੈਲੀ ਹੈ ਪਰ ਇਸ ਦਾ ਨਾਂ ਸੰਸਕ੍ਰਿਤ ਭਾਸ਼ਾ ਤੋਂ ਨਾ ਲੈ ਕੇ ਅਰਬੀ ਸ਼ਬਦ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ਵਿਚਾਰ, ਧਿਆਨ, ਕਲਪਨਾ, ਪ੍ਰਿਵਿਰਤੀ, ਭਾਵਨਾ, ਅਨੁਮਾਨ ਆਦਿ।"[1] (ਭਾਵ ਅਨੁਵਾਦ)*

ਆਪਣੇ ਅਰਥ ਦੇ ਅਨੁਰੂਪ ਇਸ ਗਾਇਨ ਵਿਧਾ ਦੇ ਸਾਹਿਤਿਕ ਅਤੇ ਸੰਗੀਤਕ ਦੋਵੇਂ ਹੀ ਰੂਪਾਂ ਵਿਚ ਕਲਪਨਾ-ਵਿਸਥਾਰ ਦੀਆਂ ਅਸੀਮਤ ਸੰਭਾਵਨਾਵਾਂ ਵਿਦਮਾਨ ਹਨ। ਪੰ. ਗਨੇਸ਼ ਪ੍ਰਸਾਦ ਜੀ ਦੇ ਕਥਨ ਅਨੁਸਾਰ

*"ਖ਼ਿਆਲ ਗਾਇਨ ਸੰਗੀਤ ਅਤੇ ਕਾਵਿ ਦੋਵੇਂ ਦ੍ਰਿਸ਼ਟੀਆਂ ਤੋਂ ਕਲਪਨਾ ਦੀ ਵਿਰਾਟਤਾ ਨੂੰ ਧਾਰਨ ਕੀਤਾ ਜਾਪਦਾ ਹੈ। ਨਾਦ ਦਾ ਕੋਈ ਵੀ ਐਸਾ ਰੂਪ ਨਹੀਂ ਹੈ ਜੋ ਖ਼ਿਆਲ ਗਾਇਨ ਵਿਚ ਪ੍ਰਯੋਗ ਨਾ ਹੋ ਸਕਦਾ ਹੋਵੇ। ਬ੍ਰਜ ਅਵਧੀ ਅਤੇ ਭੋਜਪੁਰੀ ਆਦਿ ਬੋਲੀਆਂ ਦੀ ਕੋਮਲ ਸ਼ਬਦਾਵਲੀ ਨਾਲ ਭਰਪੂਰ ਖ਼ਿਆਲ ਗਾਇਨ ਦੀਆਂ ਆਦਰਸ਼ ਬੰਦਿਸ਼ਾਂ ਗਾਇਕੀ ਦੇ ਅਨੁਰੂਪ ਵਿਸਤਰਿਤ ਅਰਥਾਂ ਦੀਆਂ ਧਾਰਨੀ ਹੁੰਦੀਆਂ ਹਨ।"[2] (ਭਾਵ ਅਨੁਵਾਦ)*

ਖ਼ਿਆਲ ਗਾਇਨ ਸ਼ੈਲੀ ਦਾ ਪ੍ਰਚਲਨ ਕਦੋਂ ਤੋਂ ਆਰੰਭ ਹੋਇਆ, ਇਸ ਬਾਰੇ ਵਿਦਵਾਨਾਂ ਦੇ ਵੱਖਰੇ-ਵੱਖਰੇ ਮੱਤ ਹਨ ਪਰ ਅਸਲ ਤੱਥ ਇਹੀ ਹੈ ਕਿ ਇਹ ਗਾਇਨ ਸ਼ੈਲੀ ਕਿਸੇ ਇਕ ਸੰਗੀਤਕਾਰ ਦੁਆਰਾ ਵਿਕਸਿਤ ਨਹੀਂ ਹੋਈ। ਸਮੇਂ ਦੇ ਨਾਲ-ਨਾਲ ਗਾਇਨ ਸ਼ੈਲੀਆਂ ਵਿਚ ਲੋਕ-ਰੁਚੀ ਦੇ ਅਨੁਸਾਰ ਹੋਣ ਵਾਲੇ ਪਰਿਵਰਤਨ ਤੇ ਪਰਿਸ਼ਕਾਰ ਦੇ ਫਲਸਰੂਪ ਹੀ ਇਸ ਗਾਇਨ ਸ਼ੈਲੀ ਦਾ ਸਰੂਪ ਉਜਾਗਰ ਹੋਇਆ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਅਧਿਐਨ ਕਰਨ ਨਾਲ ਇਹ ਗਿਆਤ ਹੁੰਦਾ ਹੈ ਕਿ ਅਮੀਰ ਖੁਸਰੋ, ਸੁਲਤਾਨ ਹੁਸੈਨ ਸ਼ਰਕੀ ਅਤੇ ਸਦਾਰੰਗ ਅਦਾਰੰਗ ਆਦਿ ਸੰਗੀਤਕਾਰਾਂ ਨੇ ਖ਼ਿਆਲ ਗਾਇਨ ਦਾ ਸਰੂਪ ਨਿਰਧਾਰਤ ਕਰਨ ਅਤੇ ਉਸਨੂੰ ਲੋਕਪ੍ਰਿਯ ਬਣਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ।

1. <u>ਸੰਗੀਤਕ ਪਿਛੋਕੜ</u>

ਪ੍ਰਾਚੀਨ ਸਧਾਰਣੀ ਗੀਤੀ ਜਿਸ ਵਿਚ ਸ਼ੁੱਧਾ ਭਿੰਨਾ, ਗੌੜੀ ਅਤੇ ਬੇਸਰਾ ਗੀਤੀਆਂ ਦਾ ਸਮਾਵੇਸ਼ ਸੀ, ਖ਼ਿਆਲ ਗਾਇਨ ਸ਼ੈਲੀ ਦਾ ਆਧਾਰ ਮੰਨੀ ਜਾਂਦੀ ਹੈ। ਇਸ ਮਾਨਤਾ ਵਿਚ ਤੱਥ ਦੀ ਗੱਲ ਇਹੀ ਹੈ ਕਿ ਸਧਾਰਣੀ ਗੀਤੀ ਸਵਰ-ਪ੍ਰਯੋਗ ਸੰਬੰਧੀ ਵਿਭਿੰਨ ਵਿਸ਼ੇਸ਼ਤਾਵਾਂ ਹੋਣ ਦੇ ਕਾਰਨ ਸਭ ਤੋਂ ਰੰਜਕ ਗੀਤੀ ਰਹੀ ਹੈ। ਉਸਨੂੰ ਖ਼ਿਆਲ ਗਾਇਨ ਦਾ ਆਧਾਰ ਮੰਨਣਾ ਇਸ ਗਾਇਨ ਸ਼ੈਲੀ ਦੀ ਮਨੋਮੁਗਧਕਾਰੀ ਵਿਸ਼ੇਸ਼ਤਾ ਵਲ ਇਸ਼ਾਰਾ ਕਰਦਾ ਹੈ।

*“ਸਧਾਰਣੀ ਗੀਤੀ ਨੇ ਆਪਣੇ ਵਿਚ ਹੋਰ ਸਾਰੀਆਂ ਗਾਇਨ ਸ਼ੈਲੀਆਂ ਦੀਆਂ ਕੋਮਲ ਤੇ ਆਨੰਦਕਾਰਕ ਅਭਿਵਿਅਕਤੀਆਂ ਨੂੰ ਸਮੋ ਲਿਆ ਸੀ। ਮੇਰਾ ਮੱਤ ਇਹ ਹੈ ਕਿ ਸੰਗੀਤਕ ਸਰਚੰਨਾ ਦੀ ਇਹ ਖ਼ਿਆਲ ਗਾਇਨ ਸ਼ੈਲੀ ਹੋਰ ਕੁਝ ਨਹੀਂ, ਬਲਕਿ ਸਧਾਰਣੀ ਗੀਤੀ ਦਾ ਸੁਭਾਵਕ ਵਿਕਾਸ ਮਾਤਰ ਹੀ ਹੈ। ਜਿਸ ਵਿਚ ਗਾਇਨ ਸ਼ੈਲੀਆਂ ਦੇ ਅਧੁੱਤੀ ਸਵਰ-ਸੰਯੋਜਨਾ ਦਾ ਪ੍ਰਯੋਗ ਹੁੰਦਾ ਹੈ।”[3](ਭਾਵ ਅਨੁਵਾਦ)*

ਸੰਗੀਤ ਰਤਨਾਕਰ ਵਿਚ ਵਰਣਿਤ ਪ੍ਰਬੰਧ ਗਾਇਨ ਦੇ ਅਧੀਨ ਰੂਪਕਾਲਪਤੀ ਵਿਚ ਵਰਤਮਾਨ ਖ਼ਿਆਲ ਗਾਇਨ ਦੇ ਸਰੂਪ ਦਾ ਅਧਾਰ ਅਨੁਭਵ ਹੁੰਦਾ ਹੈ। ਇਸ ਸੰਬੰਧ ਵਿਚ ਵਿਦੁਸ਼ੀ ਸੁਭਦਰਾ ਚੌਧਰੀ ਦੁਆਰਾ ਕੀਤੇ ਗਏ ਗਹਿਨ ਚਿੰਤਨ ਦਾ ਇਕ ਅੰਸ਼ ਇੱਥੇ ਪੇਸ਼ ਕੀਤਾ ਜਾ ਰਿਹਾ ਹੈ –

*“‘ਰੂਪਕਸਥੇਨ ਰਾਗੇਨ ਤਾਲੇਨ ਚ ਵਿਧੀਯਤੇ’ ਅਰਥਾਤ ਖ਼ਿਆਲ ਗਾਇਨ ਜੋ ਆਲਪਤੀ ਰੂਪਕ ਪ੍ਰਬੰਧ (ਬੰਦਿਸ਼) ਵਿਚ ਸਥਿਤ ਰਾਗ ਅਤੇ ਤਾਲ ਦੁਆਰਾ ਕੀਤੀ ਜਾਂਦੀ ਹੈ, ਉਹ ‘ਰੂਪਕਾਲਪਤੀ’ ਹੈ। ਭਾਵ ਇਹ ਹੈ ਕਿ ਗੀਤ ਦੇ ਰਾਗ ਅਤੇ ਤਾਲ ਵਿਚ ਇਹ ਆਲਪਤੀ ਕੀਤੀ ਜਾਂਦੀ ਹੈ। ਬੰਦਿਸ਼ ਨਾਲ ਸੰਬੰਧਿਤ ਹੋਣ ਕਾਰਨ ਇਹ ਨਿਸ਼ਚਤ ਹੀ ਹੈ ਕਿ ਬੰਦਿਸ਼ ਗਾਉਣ ਤੋਂ ਬਾਅਦ ਹੁੰਦੀ ਹੈ। ...... ਖ਼ਿਆਲ ਵਿਚ ਕੀਤੇ ਗਏ ਵਿਸਥਾਰ ਦਾ ਰੂਪ ‘ਰੂਪਕਾਲਪਤੀ’ ਦੇ ਨੇੜੇ ਹੈ।”[4] (ਭਾਵ ਅਨੁਵਾਦ)*

ਰੂਪਕਾਲਪਤੀ ਦੇ ਅੰਗ ਪ੍ਰਤਿਗ੍ਰਹਿਣਿਕਾ, ਸੁਥਾਇਭੰਜਨੀ ਅਤੇ ਰੂਪਕਭੰਜਨੀ ਆਧੁਨਿਕ ਖ਼ਿਆਲ ਗਾਇਨ ਵਿਚ ਪ੍ਰਯੋਗ ਹੋਣ ਵਾਲੇ ਆਲਾਪ, ਬੋਲ-ਆਲਾਪ, ਬੋਲ-ਬਾਂਟ ਤੇ ਬੋਲ ਤਾਨ ਨਾਲ ਸਮਾਨਤਾ ਰਖਦੇ ਹਨ। ਗਾਇਨ ਸ਼ੈਲੀਆਂ ਦੇ ਵਿਕਾਸ ਕ੍ਰਮ ਦੀ ਦ੍ਰਿਸ਼ਟੀ ਤੋਂ ਧਰੂਪਦ ਗਾਇਨ, ਪ੍ਰਬੰਧ ਅਤੇ ਖ਼ਿਆਲ ਦੀ ਵਿਚਲੀ ਕੜੀ ਹੈ। ਇਸੇ ਲਈ ਖ਼ਿਆਲ ਤੋਂ ਪਿਹਲਾਂ ਧਰੂਪਦ ਹੀ ਪ੍ਰਚਲਿਤ ਸੀ। ਧਰੂਪਦ ਗਾਇਨ ਦੇ ਅੰਤਰਗਤ ਬੰਦਿਸ਼ ਰਚਨਾ ਤੋਂ ਪਹਿਲਾਂ ਸੰਪੰਨ ਹੋਣ ਵਾਲਾ ਨੋਮ-ਤੋਮ ਦਾ ਚਤੁਰਖੰਡੀ ਆਲਾਪ (ਸਥਾਈ, ਅੰਤਰਾ, ਸੰਚਾਰੀ, ਆਭੋਗ) ਨੂੰ ਖ਼ਿਆਲ ਗਾਇਨ ਦੇ ਅੰਤਰਗਤ ਵਿਲੰਬਤ ਖ਼ਿਆਲ ਦੇ ਵਿਚਕਾਰ ਸੰਪੰਨ ਹੋਣ ਵਾਲੇ ਸਥਾਈ ਅੰਤਰੇ ਦੇ ਆਲਾਪ ਅਤੇ ਬਹਿਲਾਵੇ, ਬੋਲ-ਬਾਂਟ ਅਤੇ ਤਾਨ ਵਿਸਥਾਰ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ।

ਧਰੂਪਦ ਦੀ ਬ੍ਰਜ ਭਾਸ਼ਾ ਅਤੇ ਵਰਣਿਤ ਵਿਸ਼ੇ ਜਿਵੇਂ ਨਾਇਕ-ਨਾਇਕਾ ਭੇਦ, ਰਿਤੂ-ਵਰਣਨ, ਇਸ਼ਟ-ਭਗਤੀ, ਕ੍ਰਿਸ਼ਨ-ਲੀਲਾ, ਵਿਆਹ ਸੰਬੰਧੀ ਪ੍ਰਸੰਗ ਅਤੇ ਸੰਗੀਤ ਸੰਬੰਧੀ ਸਿਧਾਂਤ ਆਦਿ ਖ਼ਿਆਲ ਸ਼ੈਲੀ ਨਾਲ ਸਮਾਨਤਾ ਰਖਦੇ ਹਨ। ਬੇਸ਼ਕ ਦੋਹਾਂ ਸ਼ੈਲੀਆਂ ਵਿਚ ਬੰਦਿਸ਼-ਰਚਨਾ, ਤਾਲ-ਸੰਯੋਜਨ ਤੇ ਉਪਜ ਵਿਸਥਾਰ ਦੀਆਂ ਵਿਧੀਆਂ ਇਕ ਦੂਜੇ ਤੋਂ ਭਿੰਨ ਹਨ। ਤੱਥ ਦੀ ਗੱਲ ਇਹ ਹੈ ਕਿ ਭਾਵ-ਅਭਿਵਿਅੰਜਨਾ ਸੰਗੀਤ ਕਲਾ ਦਾ ਮੁੱਖ ਮਨੋਰਥ ਹੈ। ਗਾਇਨ ਸ਼ੈਲੀਆਂ ਲੋਕਰੂਚੀ ਦੇ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ। ਗਾਇਨ ਦੀ ਖ਼ਿਆਲ ਸ਼ੈਲੀ ਵੀ ਇਸੇ ਪਰਿਵਰਤਨ ਦਾ ਹੀ ਨਤੀਜਾ ਹੈ।

ਲੋਕ ਸੰਗੀਤ ਹਮੇਸ਼ਾਂ ਸ਼ਾਸਤਰੀ ਸੰਗੀਤ ਨੂੰ ਅਧਾਰ ਪ੍ਰਧਾਨ ਕਰਦਾ ਰਿਹਾ ਹੈ। ਜ਼ਿਆਦਾਤਰ ਰਾਗ ਲੋਕ ਗੀਤਾਂ ਦੇ ਅਧਾਰ ਤੇ ਹੀ ਵਿਕਸਿਤ ਹੋਏ ਹਨ ਤੇ ਜੇਕਰ ਖ਼ਿਆਲ ਗਾਇਨ ਸ਼ੈਲੀ ਦੇ ਵਿਕਾਸ ਵਿਚ ਲੋਕ ਸੰਗੀਤ ਦੀ ਭੂਮਿਕਾ ਮਹਿਸੂਸ ਹੋਵੇ ਤਾਂ ਇਸ ਵਿਚ ਕੁਝ ਵੀ ਅਸੁਭਾਵਿਕ ਨਹੀਂ। 'ਖ਼ਿਆਲ' ਨਾਂ ਤੋਂ ਕੁਝ ਲੋਕ ਗੀਤ ਵੀ ਭਾਰਤੀ ਸੰਸਕ੍ਰਿਤੀ ਵਿਚ ਪ੍ਰਚਲਿਤ ਰਹੇ ਹਨ। ਇਨ੍ਹਾਂ ਖ਼ਿਆਲ ਗੀਤਾਂ ਨੇ ਖ਼ਿਆਲ ਗਾਇਨ ਸ਼ੈਲੀ ਦੇ ਸਰੂਪ-ਸਿਰਜਣ ਵਿਚ ਕਾਵਿ ਤੇ ਸੰਗੀਤ ਦੋਹਾਂ ਦ੍ਰਿਸ਼ਟੀਆਂ ਤੋਂ ਆਪਣਾ ਯੋਗਦਾਨ ਦਿਤਾ, ਜਿਸ ਦਾ ਅਧਾਰ ਖ਼ਿਆਲ ਗਾਇਨ ਦੇ ਕਾਵਿ ਵਿਚ ਪ੍ਰਯੋਗ ਹੋਣ ਵਾਲੀ ਲੋਕ ਬੋਲੀ, ਲੋਕ ਭਾਵਨਾਵਾਂ ਅਤੇ ਕਲਪਨਾ ਵਿਸਥਾਰ ਦੇ ਵਿਚ ਸਹਿਜੇ ਮਹਿਸੂਸ ਕੀਤਾ ਜਾਂਦਾ ਹੈ। ਬ੍ਰਜ, ਅਵਧੀ ਅਤੇ ਭੋਜਪੁਰੀ ਬੋਲੀਆਂ ਦੇ ਪ੍ਰਭਾਵ ਨਾਲ ਭਰਪੂਰ ਖ਼ਿਆਲ ਗਾਇਨ ਦੀਆਂ ਰਵਾਇਤੀ ਬੰਦਿਸ਼ਾਂ ਮਿਲਦੀਆਂ ਹਨ ਤੇ ਇਹ ਗੱਲ ਸਿਧਾਂਤਕ ਰੂਪ ਵਿਚ ਵਿਦਵਾਨਾਂ ਦੁਆਰਾ ਕਹੀ ਜਾਂਦੀ ਹੈ ਕਿ ਖ਼ਿਆਲ ਦੀ ਬੰਦਿਸ਼ ਰਚਨਾ ਜਿਸ ਵੀ ਭਾਸ਼ਾ ਵਿਚ ਕੀਤੀ ਜਾਵੇ ਉਸ ਵਿਚ ਲੋਕ ਬੋਲੀ ਦੇ ਕੋਮਲ ਸ਼ਬਦਾਂ ਦੀ ਬਹੁਤਾਇਤ ਹੋਣੀ ਚਾਹੀਦੀ ਹੈ। ਇਹੀ ਤੱਤ ਕਲਪਨਾ ਪ੍ਰਧਾਨ ਖ਼ਿਆਲ ਗਾਇਨ ਸ਼ੈਲੀ ਦੀ ਯੋਗ ਅਭਿਵਿਅੰਜਨਾ ਲਈ ਜਰੂਰੀ ਹੈ।

"ਖ਼ਿਆਲ ਗੀਤ ਲੋਕ ਸੰਗੀਤ ਦੇ ਅੰਤਰਗਤ ਗਾਏ ਜਾਂਦੇ ਹਨ। ਅਜ ਵੀ ਰਾਜਸਥਾਨ ਅਤੇ ਬ੍ਰਜ ਦੇ ਕੁਝ ਪ੍ਰਦੇਸ਼ਾਂ ਵਿਚ ਖ਼ਿਆਲ ਨਾਂ ਦੇ ਲੋਕ ਗੀਤਾਂ ਦੀ ਪਰੰਪਰਾ ਪ੍ਰਾਪਤ ਹੁੰਦੀ ਹੈ। 'ਚੌਰਾਸੀ ਵੈਸ਼ਣਵ ਵਨ ਕੀ ਵਾਰਤਾ' ਨਾਂ ਦੇ ਵਾਰਤਾ ਸਾਹਿਤ ਵਿਚ ਇਕ ਗਾਇਕਾ ਦੁਆਰਾ ਖ਼ਿਆਲ ਅਤੇ ਟੱਪਾ ਨਾਂ ਦੇ ਗੀਤਾਂ ਦੇ ਗਾਇਨ ਦਾ ਜ਼ਿਕਰ ਹੈ। ਇਸ ਤਰ੍ਹਾਂ ਖ਼ਿਆਲ ਸ਼ੈਲੀ ਦੇ ਨਿਰਮਾਣ ਵਿਚ ਤਤਕਾਲੀਨ ਖ਼ਿਆਲ ਗੀਤਾਂ ਦਾ ਯੋਗਦਾਨ ਰਿਹਾ ਹੋਵੇ ਤਾਂ ਹੈਰਾਨੀ ਜਨਕ ਨਹੀਂ।"[5] (ਭਾਵ ਅਨੁਵਾਦ)

2. **ਕਾਵਿਕ ਪਿਛੋਕੜ**

ਖ਼ਿਆਲ ਜਿੱਥੇ ਇਕ ਪਾਸੇ ਸ਼ਾਸਤਰੀ ਸੰਗੀਤ ਦੀ ਵਿਧਾ ਦੇ ਰੂਪ ਵਿਚ ਪ੍ਰਚਲਿਤ ਹੈ ਉਥੇ ਸ਼ਾਇਰੀ ਅਰਥਾਤ ਕਾਵਿ-ਰਚਨਾ ਦੇ ਖੇਤਰ ਵਿਚ ਵੀ ਖ਼ਿਆਲ ਸ਼ਬਦ ਕਾਫੀ ਸਮੇਂ ਤੋਂ ਪ੍ਰਯੋਗ ਹੋ ਰਿਹਾ ਹੈ। ਮੱਧਕਾਲ ਦੇ ਭਗਤ ਕਵੀਆਂ ਨੇ ਆਪਣੀਆਂ ਰਚਨਾਵਾਂ ਦੇ ਸੰਦਰਭ ਵਿਚ ਖ਼ਿਆਲ ਸ਼ਬਦ ਦਾ ਪ੍ਰਯੋਗ ਕੀਤਾ ਹੈ। ਤੇਰਵ੍ਹੀਂ ਸ਼ਤਾਬਦੀ ਦੇ ਸੰਤ ਨਾਮਦੇਵ ਜੀ ਜੋ ਕਿ ਅਮੀਰ ਖੁਸਰੋ ਦੇ ਸਮਕਾਲੀ ਸਨ, ਉਨ੍ਹਾਂ ਦੁਆਰਾ ਰਚਿਤ ਇਕ 'ਆਭੰਗ' ਵਿਚ ਖ਼ਿਆਲ ਸ਼ਬਦ ਦਾ ਵਰਣਨ ਮਿਲਦਾ ਹੈ ਜੋ ਇਸ ਤਰ੍ਹਾਂ ਹੈ-

*"ਰਾਜਸੀ ਤਾਮਸੀ ਜੇ ਗਾਣਾ। ਤੋੜੀ ਤਾਲ ਮੋੜੀ ਮਾਨ॥*
*ਖ਼ਿਆਲ ਗਾਇ ਕੰਪ ਸਵਰ। ਰਿਝਵੀ ਦਾਤਿਆ ਚੈ ਅੰਤਰ॥*
*ਹੈ ਤੋ ਪ੍ਰੀਤੀ ਘਨਾਵਰੀ। ਅਰਥਾ ਅਨਰਥ ਤੋ ਕਰੀ॥*
*ਨਾਮਾ ਮਹਾਣੋ ਸ਼ਾਸਤ੍ਰਾਰਥ। ਅਰਥ ਤੋਚੀ ਹੋਇ ਸਵਾਰਥ॥"*[6]

ਸੂਫ਼ੀ ਪਰੰਪਰਾ ਵਿਚ ਵੀ ਕਾਵਿ ਰਚਨਾ ਦਾ ਇਕ ਪ੍ਰਕਾਰ ਖ਼ਿਆਲ ਸੀ। ਕਾਵਿ ਦੇ ਸੰਦਰਭ ਵਿਚ ਖ਼ਿਆਲ ਪਰੰਪਰਾ ਦੀ ਪੁਸ਼ਟੀ ਕਰਦੇ ਹੋਏ ਅਚਾਰਿਆ ਬ੍ਰਹਸਪਤੀ ਕਹਿੰਦੇ ਹਨ।

*"ਆਰੰਭ ਵਿਚ 'ਖ਼ਿਆਲ' ਸ਼ਬਦ ਦਾ ਸੰਬੰਧ ਗੀਤ ਦੇ ਵਿਸ਼ੇ ਦੇ ਨਾਲ ਸੀ, ਕਿਸੇ ਗਾਇਨ ਦੇ ਨਾਲ ਨਹੀਂ। ਸ਼ਾਹ ਬੁਰਹਾਨੁਦੀਨ ਜਾਨਮ (ਰਚਨਾਕਾਲ 1582 ਈ.) ਨੇ ਜੋ ਖ਼ਿਆਲ ਲਿਖੇ ਹਨ ਉਸ ਵਿਚ ਬਿਰਹਨ ਦੀ ਪੀੜ ਹੈ।"[7] (ਭਾਵ ਅਨੁਵਾਦ)*

ਇਸ ਤੋਂ ਇਲਾਵਾ 17 ਵੀਂ ਸ਼ਤਾਬਦੀ ਵਿਚ ਰੂਹਾਨੀਅਤ ਅਤੇ ਪਰਾਕਰਮ ਦੇ ਮਹਾਪੁੰਜ, ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਭਗਤੀ ਕਾਵਿ ਵਿਚ 'ਖ਼ਿਆਲ' ਸਿਰਲੇਖ ਅਧੀਨ ਇਕ ਦਿਲ ਨੂੰ ਛੂ ਜਾਣ ਵਾਲੀ

ਰਚਨਾ ਮਿਲਦੀ ਹੈ ਜਿਸ ਵਿਚ ਪਰਮਾਤਮਾ ਦੇ ਪ੍ਰਤੀ ਬਿਰਹਾ-ਵੇਦਨਾ ਪ੍ਰਗਟ ਹੋਈ ਹੈ ਜੋ ਖ਼ਿਆਲ ਗਾਇਨ ਖ਼ਿਆਲ ਸ਼ੈਲੀ ਦੀ ਭਾਵਨਾਤਮਕਤਾ ਨਾਲ ਸਮਾਨਤਾ ਰਖਦੀ ਹੈ। ਰਚਨਾ ਇਸ ਪ੍ਰਕਾਰ ਹੈ-

(ਖ਼ਿਆਲ ਪਾਤਸ਼ਾਹੀ 10)

*"ਮਿਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ॥*

*ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦਾ ਰਹਿਣਾ॥*

*ਸੂਲ ਸੁਰਾਹੀ, ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ॥*

*ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਿਣਾ॥1॥6"*[8]

ਅੱਜ ਵੀ ਮੁਸ਼ਾਇਰਿਆਂ ਵਿਚ ਸ਼ਾਇਰ ਸਾਮੀਨ (ਸ੍ਰੋਤਿਆਂ) ਤੋਂ ਤਵੱਜੋ (ਧਿਆਨ) ਦੀ ਇਲਤਿਜਾ (ਬੇਨਤੀ) ਕਰਦੇ ਹੋਏ ਕਹਿੰਦੇ ਹਨ – 'ਹਜ਼ਰਾਤ!' ਮੇਰਾ ਇਹ ਖ਼ਿਆਲ ਦੇਖਣਾ। ਇਸੇ ਤਰ੍ਹਾਂ ਸ੍ਰੋਤਾ ਵੀ ਕਿਸੇ ਖਾਸ ਚੀਜ਼ ਦੀ ਰਚਨਾਤਮਕ ਸੁੰਧਰਤਾ ਦੀ ਦਾਦ ਦਿੰਦੇ ਹੋਏ ਕਹਿੰਦੇ ਹਨ – 'ਵਾਹ!' ਕਿੰਨਾ ਖ਼ੁਬਸੂਰਤ ਖ਼ਿਆਲ ਹੈ। ਇਸੇ ਸੰਦਰਭ ਵਿਚ ਸ਼ਾਇਰ ਸ਼੍ਰੀ ਰਾਜੇਸ਼ ਮੋਹਨ[9] ਦਾ ਇਕ ਸ਼ਿਅਰ ਪੇਸ਼ ਹੈ –

ਯੇ ਸ਼ਿਅਰ ਕਿਸਕਾ ਹੈ, ਖ਼ੁਦ ਸੇ ਸਵਾਲ ਮੇਰਾ ਹੈ।

ਕਿ ਜਿਸਮੇ ਖ਼ੁਆਬ ਉਸਕਾ ਹੈ, ਖ਼ਿਆਲ ਮੇਰਾ ਹੈ॥

ਇਸ ਤਰਾਂ ਕਾਵਿ ਅਤੇ ਸੰਗੀਤ ਦੋਹਾਂ ਖੇਤਰਾਂ ਵਿਚ ਖ਼ਿਆਲ ਸ਼ਬਦ ਕਲਪਨਾ, ਧਿਆਨ, ਵਿਚਾਰ ਦੇ ਅਰਥਾਂ ਦੇ ਨਾਲ-ਨਾਲ ਸੁੰਦਰ ਰਚਨਾ ਲਈ ਵੀ ਪ੍ਰਯੋਗ ਹੁੰਦਾ ਆਇਆ ਹੈ। ਉਪਰੋਕਤ ਵਰਣਨ ਤੋਂ ਸਪਸ਼ਟ ਹੁੰਦਾ ਹੈ ਕਿ ਖ਼ਿਆਲ ਗਾਇਨ ਸ਼ੈਲੀ ਆਪਣੇ ਸੰਗੀਤਕ ਅਤੇ ਸਾਹਿਤਕ ਸਰੂਪ ਦਾ ਅਧਾਰ ਵਿਭਿੰਨ ਗਾਇਨ ਸ਼ੈਲੀਆਂ (ਸਧਾਰਣੀ ਗੀਤੀ, ਰੂਪਕ ਪ੍ਰਬੰਧ, ਕਵਾਲੀ ਤੇ ਧਰੂਪਦ) ਦੇ ਨਾਲ-ਨਾਲ ਲੋਕ ਗੀਤਾਂ ਅਤੇ ਹੋਰ ਕਾਵਿ ਰੂਪਾਂ ਤੋਂ ਪ੍ਰਾਪਤ ਕਰਦੀ ਰਹੀ ਹੈ। ਪਰਿਵਰਤਨ ਤਾਂ ਪ੍ਰਕ੍ਰਿਤੀ ਦਾ ਅਟਲ ਸਿਧਾਂਤ ਹੈ ਤੇ ਕਲਪਨਾਪ੍ਰਧਾਨ ਖ਼ਿਆਲ ਗਾਇਨ ਸ਼ੈਲੀ ਵਿਚ ਪਰਿਵਰਤਨ ਦਾ ਤੱਤ ਲਾਜ਼ਮੀ ਤੌਰ ਤੇ ਵਿਦਮਾਨ ਰਹਿੰਦਾ ਹੈ। ਇਹੀ ਕਾਰਨ ਹੈ ਕਿ ਆਧੁਨਿਕ ਸਮੇਂ ਵਿਚ ਵੀ ਜਦ ਖ਼ਿਆਲ ਗਾਇਨ ਸ਼ੈਲੀ ਆਪਣੇ ਵਿਕਾਸ ਦੀ ਚਰਮਸੀਮਾਂ ਤੇ ਹੈ, ਫਿਰ ਵੀ ਵੱਖਰੇ-ਵੱਖਰੇ ਪ੍ਰਤਿਭਾਵਾਨ ਕਲਾਕਾਰਾਂ ਦੁਆਰਾ ਕੀਤੇ ਗਏ ਗਾਇਨ ਸ਼ੈਲੀ ਦੇ ਪ੍ਰਸਤੁਤੀਕਰਨ ਵਿਚ ਅੰਤਰ ਤੇ ਨਵੀਨਤਾ ਮਹਿਸੂਸ ਹੁੰਦੀ ਰਹਿੰਦੀ ਹੈ। ਇਹ ਨਿਸ਼ਚਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਪੰਜਾਹ ਸਾਲਾਂ ਦੇ ਬਾਅਦ ਖ਼ਿਆਲ ਗਾਇਨ ਸ਼ੈਲੀ ਦੀਆਂ ਬੰਦਿਸ਼ਾਂ ਤੇ ਉਸਦੀ

ਪੇਸ਼ਕਾਰੀ ਦੇ ਅੰਦਾਜ਼ ਵਿਚ ਵੱਡਾ ਪਰਿਵਰਤਨ ਮਿਲੇਗਾ। ਇਸ ਦਾ ਅਧਾਰ ਇਸ ਤੱਥ ਵਿਚ ਹੈ ਕਿ ਅਜ ਤੋਂ ਪੰਜਾਹ ਸੱਠ ਸਾਲ ਪਹਿਲਾਂ ਦਾ ਖ਼ਿਆਲ ਗਾਇਨ ਆਧੁਨਿਕ ਖ਼ਿਆਲ ਗਾਇਕੀ ਤੋਂ ਭਿੰਨ ਸੀ। ਇਥੋਂ ਤੱਕ ਕਿ ਇਕ ਹੀ ਘਰਾਣੇ ਤੇ ਇਕ ਹੀ ਪੀੜੀ ਦੇ ਖ਼ਿਆਲ ਗਾਇਕਾਂ ਦੀ ਪੇਸ਼ਕਾਰੀ ਵਿਚ ਅੰਤਰ ਮਿਲਦਾ ਹੈ।

ਉ. ਅਬਦੁਲ ਕਰੀਮ ਖ਼ਾਂ ਸਾਹਿਬ ਦੇ ਖ਼ਿਆਲ ਗਾਇਨ ਤੋਂ ਉ. ਅਮੀਰ ਖ਼ਾਂ ਸਾਹਿਬ ਦਾ ਖ਼ਿਆਲ ਗਾਇਨ ਭਿੰਨ ਹੈ। ਵਰਤਮਾਨ ਸਮੇਂ ਵਿਚ ਵੀ ਪੰ. ਜਸਰਾਜ, ਪੰ. ਰਾਜਨ ਸਾਜਨ ਮਿਸ਼ਰ, ਪੰ. ਅਜੇ ਚਕਰਵਰਤੀ ਦੇ ਖ਼ਿਆਲ ਪ੍ਰਸਤੁਤੀਕਰਨ ਵਿਚ ਅੰਤਰ ਦਾ ਅਨੁਭਵ ਸਹਿਜੇ ਹੀ ਕੀਤਾ ਜਾ ਸਕਦਾ ਹੈ। ਇਸ ਅੰਤਰ ਦੇ ਪਿਛੇ ਗਾਇਕਾਂ ਦਾ ਕੰਠ-ਧਰਮ, ਵਿਅਕਤੀਗਤ ਸੁਭਾਅ ਤੇ ਉਨ੍ਹਾਂ ਦੀ ਗਾਇਨ-ਪਰੰਪਰਾ ਹੁੰਦੀ ਹੈ।

ਮਨੁੱਖੀ ਜੀਵਨ ਹੀ ਸਾਰੀਆਂ ਕਲਾਵਾਂ ਦੀ ਸਿਰਜਨਾ ਨੂੰ ਉਪਜਾਊ ਜ਼ਮੀਨ ਪ੍ਰਦਾਨ ਕਰਦਾ ਹੈ। ਖ਼ਿਆਲ ਗਾਇਨ ਸ਼ੈਲੀ ਸਾਹਿਤ ਤੇ ਸੰਗੀਤ ਦੋਹਾਂ ਦ੍ਰਿਸ਼ਟੀਆਂ ਤੋਂ ਸਮੇਂ ਅਨੁਸਾਰ ਹੋਣ ਵਾਲੇ ਕਲਾਤਮਕ ਪਰਿਵਰਤਨਾਂ ਦੇ ਫਲਸਰੂਪ ਹੀ ਵਿਕਸਿਤ ਹੋਈ ਹੈ ਤੇ ਅਗੋਂ ਵੀ ਹੁੰਦੀ ਰਹੇਗੀ।

## 3. <u>ਖ਼ਿਆਲ ਗਾਇਨ ਬੰਦਿਸ਼ਾਂ ਦੀ ਭਾਸ਼ਾ ਸੰਬੰਧੀ ਚਿੰਤਨ</u>

ਖ਼ਿਆਲ ਗਾਇਨ ਦੀਆਂ ਉਹੀ ਬੰਦਿਸ਼ਾਂ ਉੱਤਮ ਤੇ ਆਦਰਸ਼ ਮੰਨੀਆਂ ਜਾਂਦੀਆਂ ਹਨ ਜਿਨ੍ਹਾਂ ਦੀਆਂ ਕਾਵਿ ਰਚਨਾਵਾਂ ਗਾਇਨ ਸ਼ੈਲੀ ਦੇ ਅਨੁਕੂਲ ਸ਼ਬਦਾਂ ਨਾਲ ਭਰਪੂਰ ਹੋਣ, ਜੋ ਭਾਵਾਂ ਦੇ ਪ੍ਰਗਟਾਵੇ ਵਿਚ ਸਫਲ ਤੇ ਸਹਿਜ ਵੀ ਹੋਣ। ਪਦਾਵਲੀ ਅਤੇ ਸੰਗੀਤ ਰਚਨਾ ਦੁੱਧ-ਪਾਣੀ ਦੀ ਤਰ੍ਹਾਂ ਇਕ-ਦੂਜੇ ਵਿਚ ਘੁੱਲ-ਮਿਲ ਗਈਆਂ ਹੋਣ ਤੇ ਦੋਵੇਂ ਪੂਰਨ ਮਿਤੱਰਤਾ ਨਾਲ ਭਾਵ ਅਭਿਵਿਅੰਜਨਾ ਦੇ ਮਨੋਰਥ ਨੂੰ ਸਿੱਧ ਕਰ ਰਹੀਆਂ ਹੋਣ।

ਕੁਝ ਬੰਦਿਸ਼ਾਂ ਅਜਿਹੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਸ਼ਬਦ ਗੂੜ ਤੇ ਭਾਰੇ ਹੋ ਜਾਂਦੇ ਹਨ, ਅਜਿਹੀਆਂ ਰਚਨਾਵਾਂ ਸਾਹਿਤਿਕ ਦ੍ਰਿਸ਼ਟੀ ਤੋਂ ਬੜੀਆਂ ਅਰਥ ਭਰਪੂਰ ਹੋ ਸਕਦੀਆਂ ਹਨ ਪਰ ਖ਼ਿਆਲ ਗਾਇਨ ਦੀ ਸਹਿਜ ਅਭਿਵਿਅੰਜਨਾ ਲਈ ਯੋਗ ਨਹੀਂ ਹੁੰਦੀਆਂ, ਜਿੰਨ੍ਹਾਂ ਦੇ ਵਜਨ ਥੱਲੇ ਰਾਗ ਲੁਪਤ ਹੋਣ ਲਗਦਾ ਹੈ। ਕੁਝ ਬੰਦਿਸ਼ਾਂ ਅਜਿਹੀਆਂ ਵੀ ਮਿਲਦੀਆਂ ਹਨ ਜਿੰਨ੍ਹਾਂ ਵਿਚ ਸ਼ਬਦਾਂ ਦੀ ਸੁੰਦਰਤਾ ਤੇ ਅਰਥ ਲੁਪਤ ਹੋ ਜਾਂਦੇ ਹਨ। ਅਜਿਹੀਆਂ ਬੰਦਿਸ਼ਾਂ ਵਿਚ ਯੋਗ ਪ੍ਰਗਟਾਵੇ ਲਈ ਅਸਮਰਥਤਾ ਮਹਿਸੂਸ ਹੁੰਦੀ ਰਹਿੰਦੀ ਹੈ।

ਉਹੀ ਬੰਦਿਸ਼ ਆਦਰਸ਼ ਮੰਨੀ ਜਾਂਦੀ ਹੈ ਜਿਸ ਵਿਚ ਸ਼ਬਦ ਅਤੇ ਰਾਗ-ਤੱਤ ਘੁਲ-ਮਿਲ ਕੇ ਇਕ ਹੀ ਰੂਪ ਹੋ ਜਾਣ ਤੇ ਭਾਵਾਂ ਦੀ ਅਭਿਵਿਅਕਤੀ ਸਹਿਜਤਾ ਨਾਲ ਸੰਪੰਨ ਹੋਵੇ। ਸ਼ਾਸਤਰੀ ਸੰਗੀਤ ਦੀਆਂ ਬੰਦਿਸ਼ਾਂ ਦੀ ਭਾਸ਼ਾ ਦੇ ਸੰਦਰਭ ਵਿਚ ਔ. ਗੋਸਵਾਮੀ ਦਾ ਮੱਤ ਪੇਸ਼ ਹੈ-

*"ਹਿੰਦੂਸਤਾਨੀ ਸ਼ਾਸਤਰੀ ਸੰਗੀਤ ਦੀਆਂ ਸਾਰੀਆਂ ਬੰਦਿਸ਼ਾਂ ਤੇ ਰਚਨਾਵਾਂ ਜ਼ਿਆਦਾਤਰ ਬ੍ਰਜ ਭਾਸ਼ਾ ਵਿਚ ਹਨ। ਬ੍ਰਜ ਅਸਲ ਵਿਚ ਮਥੁਰਾ ਤੇ ਬ੍ਰਿੰਦਾਬਨ ਦੇ ਨੇੜੇ ਦੇ ਇਲਾਕਿਆਂ ਵਿਚ ਬੋਲੀ ਜਾਣ ਵਾਲੀ ਲੋਕ ਭਾਸ਼ਾ (ਬੋਲੀ) ਹੈ। ਬੰਦਿਸ਼ਾਂ ਵਿਚ 'ਬ੍ਰਜ' ਦੀ ਬਹੁਲਤਾ ਦਾ ਅਧਾਰ ਇਹ ਹੈ ਕਿ ਸੰਗੀਤ ਲਈ ਵਿਅੰਜਨਾਂ ਦੀ ਬਜਾਇ ਸਵਰ ਪ੍ਰਧਾਨ ਅੱਖਰ ਜ਼ਿਆਦਾ ਪ੍ਰਯੋਗ ਹੁੰਦੇ ਹਨ।*

ਉੱਤਰ ਭਾਰਤ ਵਿਚ ਪ੍ਰਚਲਤ ਸਾਰੀਆਂ ਭਾਸ਼ਾਵਾਂ ਵਿਚ ਬ੍ਰਜ ਹੀ ਇਕ ਐਸੀ ਲੋਕ ਬੋਲੀ ਹੈ, ਜਿਸਦੇ ਜ਼ਿਆਦਾਤਰ ਸ਼ਬਦ ਵਿਅੰਜਨਾਂ ਦੀ ਬਹੁਲਤਾ ਤੋਂ ਮੁਕਤ ਹਨ ਤੇ ਹਰੇਕ ਅੱਖਰ ਸਵਰਾਤਮਕ ਧੁਨੀ (ਡ੍ਰੋਵਇਲ ਸ਼ੁੋਨਦ) ਰੱਖਦਾ ਹੈ। ਬੰਦਿਸ਼ ਰਚਨਾ ਵਿਚ ਸਧਾਰਨ ਸ਼ਬਦਾਂ ਦਾ ਪ੍ਰਯੋਗ ਹੀ ਕਾਫੀ ਨਹੀਂ, ਉਸ ਵਿਚ ਅੱਖਰਾਂ ਦੀ ਕੋਮਲਤਾ ਤੇ ਭਾਵਪੂਰਣ ਉਚਾਰਨ ਵੀ ਸ਼ਾਮਲ ਹੋਣਾ ਚਾਹੀਦਾ ਹੈ ਤਾਂ ਹੀ ਮਨੁੱਖੀ ਕੰਠ ਦੁਆਰਾ ਉਸਦਾ ਪ੍ਰਭਾਵ ਪੈਦਾ ਹੋ ਸਕਦਾ ਹੈ।"[10] (ਭਾਵ ਅਨੁਵਾਦ)

ਉਚਾਰਣ ਦੀ ਨਜ਼ਾਕਤ ਤੇ ਕੋਮਲ ਸ਼ਬਦਾਵਲੀ ਹੋਣ ਕਾਰਨ ਬ੍ਰਜ ਭਾਸ਼ਾ ਚਿਰਕਾਲ ਤੋਂ ਕਾਵਿ ਅਤੇ ਸੰਗੀਤ ਲਈ ਯੋਗ ਮੰਨੀ ਗਈ ਹੈ। ਮੱਧਕਾਲੀ ਭਗਤੀ ਸਾਹਿਤ ਤੇ ਸ਼ਾਸਤਰੀ ਸੰਗੀਤ ਦੀਆਂ ਵਿਭਿੰਨ ਗਾਇਨ ਵਿਧਾਵਾਂ ਦਾ ਕਾਵਿ ਜ਼ਿਆਦਾਤਰ ਬ੍ਰਜ ਭਾਸ਼ਾ ਵਿਚ ਹੀ ਰਚਿਆ ਗਿਆ ਹੈ। ਹੇਠ ਲਿਖਿਆ ਕਥਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ-

*"ਬ੍ਰਜ ਭਾਸ਼ਾ ਵਿਚ ਇੰਨੀਆਂ ਖੂਬੀਆਂ ਹਨ ਕਿ ਵਿਭਿੰਨ ਵਾੱਗਿਯਕਾਰਾਂ ਨੇ ਰਚਨਾਵਾਂ ਲਈ ਕੇਵਲ ਬ੍ਰਜ ਭਾਸ਼ਾ ਨੂੰ ਹੀ ਪਹਿਲਾ ਸਥਾਨ ਪ੍ਰਦਾਨ ਕੀਤਾ ਹੈ...... ਜੋ ਭਾਸ਼ਾ ਸਹਿਜ ਰੂਪ ਵਿਚ ਮੁਲਾਇਮ ਲੋਚਦਾਰ ਤੇ ਲਚਕਦਾਰ ਹੋਵੇ ਉਸ ਵਿਚ ਹੀ ਸੰਗੀਤ ਰਚਨਾਵਾਂ ਚੰਗੀ ਤਰ੍ਹਾਂ ਸਿਰਜੀਆਂ ਜਾ ਸਕਦੀਆਂ ਹਨ। ਇਸ ਦੇ ਸ਼ਬਦ ਉਚਾਰਣ ਦੀ ਵਿਸ਼ੇਸ਼ਤਾ, ਨਜ਼ਾਕਤ, ਮਧੁਰਤਾ ਅਤੇ ਸਵਰ ਪ੍ਰਧਾਨਤਾ ਅਦਿ ਗੁਣਾਂ ਦੇ ਕਾਰਨ ਮੱਧਯੁਗ ਤੋਂ ਬ੍ਰਜ ਭਾਸ਼ਾ ਨਾ ਕੇਵਲ ਕਾਵਿ ਭਾਸ਼ਾ ਬਲਕਿ ਸੰਗੀਤ ਦੀ ਭਾਸ਼ਾ ਬਣ ਗਈ ਤੇ ਇਸਦਾ ਖੇਤਰ ਇਨ੍ਹਾਂ ਵਿਸ਼ਾਲ ਹੋ ਗਿਆ ਕਿ ਇੰਜ ਜਾਪਦਾ ਹੈ ਕਿ ਸੰਗੀਤ ਦੀ ਸੁਵਿਧਾ ਲਈ ਹੀ ਇਸ ਦਾ ਜਨਮ ਹੋਇਆ ਹੋਵੇ।"[11] (ਭਾਵ ਅਨੁਵਾਦ)*

ਖ਼ਿਆਲ ਗਾਇਨ ਦੀ ਭਾਸ਼ਾ ਸੰਬੰਧੀ ਆਪਣਾ ਮੱਤ ਸਪਸ਼ਟ ਕਰਦੇ ਹੋਏ ਡਾ. ਇਬਰਾਹੀਮ ਅਲੀ ਕਹਿੰਦੇ ਹਨ, "ਖ਼ਿਆਲ ਦੀ ਭਾਸ਼ਾ ਜ਼ਿਆਦਾਤਰ ਬ੍ਰਜ ਤੇ ਅਵਧੀ ਹੈ। ਮੇਰੀ ਦ੍ਰਿਸ਼ਟੀ ਵਿਚ ਇਸ ਦਾ ਅਧਾਰ ਇਹ ਹੈ ਕਿ ਮਧ ਕਾਲੀਨ ਭਗਤੀ ਸਾਹਿਤ ਤੇ ਰੀਤੀਕਾਲੀਨ ਸ਼ਿੰਗਾਰ ਸਾਹਿਤ ਵਿਚ ਕਵੀਆਂ ਦੀ ਭਾਸ਼ਾ ਬ੍ਰਜ ਅਤੇ ਅਵਧੀ ਹੀ ਰਹੀ, ਜਿਸਦਾ ਪ੍ਰਭਾਵ ਵਾੱਗਿਯਕਾਰਾਂ ਨੇ ਸੁਭਾਵਿਕ ਰੂਪ ਨਾਲ ਗ੍ਰਹਿਣ ਕੀਤਾ। ਖ਼ਿਆਲ ਗਾਇਨ ਵਿਚ ਵਰਣਿਤ ਵਿਸ਼ੇ ਵੀ ਭਗਤੀ ਤੇ ਸ਼ਿੰਗਾਰ ਸਾਹਿਤ ਨਾਲ ਸਮਾਨਤਾ ਰਖਦੇ ਹਨ। ਭਗਵਾਨ ਕ੍ਰਿਸ਼ਨ ਨਾਲ ਸੰਬੰਧਿਤ ਭਗਤੀ ਤੇ ਸ਼ਿੰਗਾਰ ਰਸ

ਨਾਲ ਭਰਪੂਰ ਜੋ ਕਾਵਿ ਤੇ ਮਹਾਕਾਵਿ ਰਚੇ ਗਏ, ਕਿਤੇ-ਨਾ-ਕਿਤੇ ਉਨ੍ਹਾਂ ਦਾ ਅਨੁਕਰਨ ਕਰਨ ਦੀ ਕੋਸ਼ਿਸ਼ ਇੰਨ੍ਹਾਂ ਵਾੱਗਿਯਕਾਰਾਂ ਨੇ ਕੀਤੀ ਹੈ।"[12] (ਭਾਵ ਅਨੁਵਾਦ)

ਇਹ ਤੱਥ ਬਿਲਕੁਲ ਸਹੀ ਹੈ ਕਿ ਖ਼ਿਆਲ ਗਾਇਨ ਸ਼ੈਲੀ ਦੀ ਬੰਦਿਸ਼ ਰਚਨਾ ਲਈ ਬ੍ਰਜ, ਅਵਧੀ, ਤੇ ਭੋਜਪੁਰੀ ਲੋਕ ਬੋਲੀਆਂ ਦੇ ਕੋਮਲ ਸ਼ਬਦ ਹੀ ਅਨੁਕੂਲ ਹਨ ਪਰ ਸਦਾਰੰਗ ਅਦਾਰੰਗ ਅਤੇ ਆਧੁਨਿਕ ਸਮੇਂ ਦੇ ਕੁਝ ਹੋਰ ਵਾੱਗਿਯਕਾਰਾਂ ਜਿਵੇਂ ਕਿ ਪੰ. ਜਗਨਨਾਥ ਬੂਆ ਪੁਰੋਹਿਤ 'ਗੁਣੀਦਾਸ', ਪੰ. ਦਲੀਪ ਚੰਦਰ ਬੇਦੀ 'ਨਾਦਰੰਗ', ਸ਼੍ਰੀ ਬਲਵੰਤ ਗਾਇ ਜਸਵਾਲ 'ਪਾਰਸ' ਤੇ ਪ੍ਰੋ. ਤਾਰਾ ਸਿੰਘ ਆਦਿ ਦੁਆਰਾ ਬ੍ਰਜ ਬਾਸ਼ਾ ਦੇ ਨਾਲ-ਨਾਲ ਹਿੰਦੀ, ਪੰਜਾਬੀ ਤੇ ਮਿਸ਼ਰਿਤ ਭਾਸ਼ਾਵਾਂ ਵਿਚ ਵੀ ਭਾਵਪੂਰਣ ਬੰਦਿਸ਼ਾਂ ਬਣਾਈਆਂ ਗਈਆਂ ਹਨ।

*"ਖ਼ਿਆਲ ਦੇ ਗੀਤ ਉਤੱਰ ਭਾਰਤੀ ਭਾਸ਼ਾਵਾਂ ਵਿਚ ਹੁੰਦੇ ਹਨ। ਜ਼ਿਆਦਾਤਰ ਪਦਾਂ ਦੀ ਭਾਸ਼ਾ ਬ੍ਰਜ, ਰਾਜਸਥਾਨੀ ਅਤੇ ਹਿੰਦੀ ਮਿਸ਼ਰਿਤ ਪੰਜਾਬੀ ਹੁੰਦੀ ਹੈ।"[13] (ਭਾਵ ਅਨੁਵਾਦ)*

ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ ਦੁਆਰਾ ਰਚਿਤ ਬੰਦਿਸ਼ਾਂ ਬ੍ਰਜ, ਅਵਧੀ ਤੇ ਭੋਜਪੁਰੀ ਦੇ ਮਿਸ਼ਰਤ ਪ੍ਰਭਾਵ ਯੁਕਤ ਭਾਸ਼ਾ ਵਿਚ ਹਨ। ਇਸੇ ਸੰਦਰਭ ਵਿਚ ਪੰ. ਗਨੇਸ਼ ਪ੍ਰਸਾਦਿ ਜੀ ਸ਼ਰਮਾ ਦਾ ਇਕ ਕਥਨ ਪੇਸ਼ ਕਰਨਾ ਢੁਕਵਾਂ ਜਾਪਦਾ ਹੈ-

"ਵੈਸੇ ਤਾਂ ਖ਼ਿਆਲ ਗਾਇਨ ਦੀਆਂ ਬੰਦਿਸ਼ਾਂ ਲਈ ਬ੍ਰਜ, ਅਵਧੀ ਤੇ ਭੋਜਪੁਰੀ ਦੀ ਭਾਵਪੂਰਨ ਕੋਮਲਕਾਂਤ ਸ਼ਬਦਾਵਲੀ ਹੀ ਯੋਗ ਹੈ ਕਿਉਂਕਿ ਇਹ ਬੋਲੀਆਂ ਸਦੀਆਂ ਤੋਂ ਲੋਕਾਂ ਦੁਆਰਾ ਲੋਕ ਭਾਵਨਾਵਾਂ ਨੂੰ ਵਿਅਕਤ ਕਰਨ ਲਈ ਪ੍ਰਯੋਗ ਹੋ ਕੇ ਮੁਲਾਇਮ ਤੇ ਗੋਲ ਹੋ ਗਈਆਂ ਹਨ। ਪੰਜਾਬੀ, ਹਿੰਦੀ ਤੇ ਉਰਦੂ ਮਿਸ਼ਰਿਤ ਭਾਸ਼ਾਵਾਂ ਵਿਚ ਵੀ ਖ਼ਿਆਲ ਗਾਇਨ ਦੀਆਂ ਬੰਦਿਸ਼ਾਂ ਦੀ ਰਚਨਾ ਹੋਈ ਹੈ ਤੇ ਇਸ ਸੰਦਰਭ ਵਿਚ ਹੋਰ ਰਚਨਾਵਾਂ ਦੀ ਗੁੰਜਾਇਸ਼ ਨਿਸ਼ਚਿਤ ਰੂਪ ਵਿਚ ਵਿਦਮਾਨ ਹੈ। ਪਰੰਤੂ ਵਾੱਗਿਯਕਾਰ ਦੇ ਚੇਤਨ-ਅਵਚੇਤਨ ਮਨ ਵਿਚ ਇਹ ਗੱਲ ਹਮੇਸ਼ਾ ਹੀ ਵਸੀ ਰਹਿਣੀ ਚਾਹੀਦੀ ਹੈ ਕਿ ਬੰਦਿਸ਼ਾਂ ਦੀ ਭਾਸ਼ਾ ਕੋਈ ਵੀ ਹੋਵੇ, ਉਸ ਵਿਚ ਲੋਕ ਬੋਲੀ ਦੇ ਭਾਵ-ਅਭਿਵਿਯੰਜਕ, ਕੋਮਲਕਾਂਤ ਸ਼ਬਦਾਂ ਦੀ ਭਰਪੂਰ ਵਰਤੋਂ ਬਹੁਤ ਹੀ ਜ਼ਰੂਰੀ ਹੈ ਤਾਂ ਹੀ ਖ਼ਿਆਲ ਗਾਇਨ ਦੀ ਬੰਦਿਸ਼ ਸੰਗੀਤਕ ਮਧੁਰਤਾ ਨੂੰ ਵਿਅਕਤ ਕਰਨ ਵਿਚ ਸਮਰੱਥ ਹੋਵੇਗੀ।"[14] (ਭਾਵ ਅਨੁਵਾਦ)

ਖ਼ਿਆਲ ਗਾਇਨ ਬੰਦਿਸ਼ਾਂ ਦੇ ਭਾਸ਼ਾ ਸੰਬੰਧੀ ਉਪਰੋਕਤ ਚਿੰਤਨ ਨੂੰ ਸੰਖੇਪ ਰੂਪ ਵਿਚ ਇਸ ਤਰ੍ਹਾਂ ਵਾਕਬੱਧ ਕੀਤਾ ਜਾ ਸਕਦਾ ਹੈ - ਖ਼ਿਆਲ ਗਾਇਨ ਬੰਦਿਸ਼ਾਂ ਦੀ ਭਾਸ਼ਾ ਕੋਮਲਕਾਂਤ, ਸਰਲ ਤੇ ਸੁਬੋਧ ਹੋਣੀ ਚਾਹੀਦੀ ਹੈ। ਛੰਦ ਤੇ

ਸੰਗੀਤ ਦਾ ਵੈਸੇ ਤਾਂ ਅਟੁੱਟ ਸੰਬੰਧ ਹੈ ਪਰ ਖ਼ਿਆਲ ਦੀ ਬੰਦਿਸ਼ ਵਿਚ ਛੰਦ ਦਾ ਬੰਧਨ ਉਨ੍ਹਾਂ ਕਠੋਰ ਨਹੀਂ ਜਿਨ੍ਹਾਂ ਕਿ ਕਾਵਿ ਵਿਚ ਹੁੰਦਾ ਹੈ ਕਿਉਂਕਿ ਸਵਰ ਤੇ ਲੈਅ ਦਾ ਤੱਤ ਛੰਦ ਬੰਧਨ ਦੀ ਥੋੜੀ ਕਮਜ਼ੋਰੀ ਨੂੰ ਸਹਿਜਤਾ ਨਾਲ ਹੀ ਢੱਕ ਲੈਂਦਾ ਹੈ। ਸੰਗੀਤਕ ਸਮਰਿਧਤਾ ਦੇ ਵਾਤਾਵਰਨ ਵਿਚ ਸਹਿਜ ਪ੍ਰਵਾਹਾਤਮਕ ਤੇ ਅਰਥਬੋਧਕ ਕੋਮਲ ਪਦਾਵਲੀ ਵਾਲੀ ਕਾਵਿ ਰਚਨਾ ਖ਼ਿਆਲ ਸ਼ੈਲੀ ਲਈ ਯੋਗ ਰਹਿੰਦੀ ਹੈ।

## 2. ਸੰਗੀਤ ਤੇ ਕਾਵਿ ਦੀ ਦ੍ਰਿਸ਼ਟੀ ਨਾਲ ਖ਼ਿਆਲ ਗਾਇਨ ਦੀ ਬੰਦਿਸ਼ ਦਾ ਆਦਰਸ਼ ਸਰੂਪ

ਕਾਵਿ ਤੇ ਸੰਗੀਤ ਦੋਹਾਂ ਦ੍ਰਿਸ਼ਟੀਆਂ ਤੋਂ ਖ਼ਿਆਲ ਦੀ ਬੰਦਿਸ਼ ਅਕਾਰ ਵਿਚ ਸੰਖੇਪ ਤੇ ਭਾਵ ਵਿਚ ਵਿਸਤਰਿਤ ਹੁੰਦੀ ਹੈ। ਖ਼ਿਆਲ ਗਾਇਨ ਪ੍ਰਸਤੁਤੀਕਰਨ ਦੋ ਚਰਣਾਂ ਵਿਚ ਸੰਪੰਨ ਹੁੰਦਾ ਹੈ ੳ) ਵਿਲੰਬਿਤ ਖ਼ਿਆਲ ਅ) ਦਰੁੱਤ ਖ਼ਿਆਲ

### ੳ) ਵਿਲੰਬਿਲ ਖ਼ਿਆਲ

ਇਹ ਖ਼ਿਆਲ ਧੀਮੀ ਲੈਅ ਵਿਚ ਗਾਇਆ ਜਾਂਦਾ ਹੈ ਤੇ ਇਸ ਵਿਚ ਤਾਲ ਦਾ ਦਾਇਰਾ ਵੱਡਾ ਹੁੰਦਾ ਹੈ, ਬੋਲ-ਅਲਾਪ, ਅਕਾਰ ਅਤੇ ਸਰਗਮ-ਅਲਾਪ ਦੇ ਨਾਲ-ਨਾਲ ਬਹਿਲਾਵਾ ਤੇ ਤਾਨ ਦਾ ਵਿਸਥਾਰ ਹੋਣ ਕਾਰਨ ਇਸ ਨੂੰ ਆਮ ਬੋਲ ਚਾਲ ਦੀ ਭਾਸ਼ਾ ਵਿਚ ਵੱਡਾ ਖ਼ਿਆਲ ਕਹਿਣ ਦਾ ਪ੍ਰਚਾਰ ਹੈ। ਵਿਲੰਬਿਤ ਖ਼ਿਆਲ ਲਈ ਪ੍ਰਯੋਗ ਹੋਣ ਵਾਲੀਆਂ ਤਾਲਾਂ ਹਨ- ਵਿਲੰਬਿਤ ਇਕਤਾਲ, ਝੂਮਰਾ, ਤਿਲਵਾੜਾ, ਤਿੰਨਤਾਲ ਤੇ ਆੜਾ ਚੌਤਾਲ। ਇਨ੍ਹਾਂ ਵਿਚੋਂ ਵਿਲੰਬਿਤ ਇਕਤਾਲ ਆਧੁਨਿਕ ਸਮੇਂ ਵਿਚ ਜ਼ਿਆਦਾ ਪ੍ਰਚਲਿਤ ਹੈ।

ਉ. ਅਮੀਰ ਖਾਂ ਸਾਹਿਬ ਦੀ ਪਰੰਪਰਾ ਵਿਚ ਝੂਮਰਾ ਤਾਲ ਵਿਲੰਬਿਤ ਖ਼ਿਆਲ ਲਈ ਪ੍ਰਯੋਗ ਹੋ ਰਿਹਾ ਹੈ। ਗਵਾਲੀਅਰ ਘਰਾਣੇ ਵਿਚ ਤਿਲਵਾੜਾ ਤਾਲ ਦੀਆਂ ਵਿਲੰਬਿਤ ਰਚਨਾਵਾਂ ਸੁਨਣ ਨੂੰ ਮਿਲ ਜਾਂਦੀਆਂ ਹਨ। ਜੈਪੁਰ ਘਰਾਣੇ ਦੇ ਕਲਾਕਾਰ ਵਿਲੰਬਿਤ ਤਿੰਨਤਾਲ ਵਿਚ ਵੱਡਾ ਖ਼ਿਆਲ ਪ੍ਰਸਤੁਤ ਕਰਦੇ ਹਨ। ਇਸੇ ਪ੍ਰਕਾਰ ਵਿਲੰਬਿਤ ਆੜਾ ਚੌਤਾਲ ਵਿਚ ਕਦੇ-ਕਦੇ ਕੁਝ ਰਚਨਾਵਾਂ ਸੁਣਨ ਨੂੰ ਮਿਲ ਜਾਂਦੀਆਂ ਹਨ।

ਵਿਲੰਬਿਤ ਖ਼ਿਆਲ ਵਿਚ ਮਾਤਰਾਵਾਂ ਦੇ ਵਿਚਕਾਰ ਫੈਲਾਵ ਵਧੇਰੇ ਹੁੰਦਾ ਹੈ। ਇਸ ਲਈ ਸ਼ਬਦਾਂ ਵਿਚ ਕਸਾਉਪਨ ਨਹੀਂ ਰਹਿੰਦਾ ਤੇ ਛੰਦ-ਬੰਧਨ ਵੀ ਕਰੜਾ ਨਹੀਂ ਹੁੰਦਾ ਪਰ ਸਵਰ, ਲੈਅ ਦੇ ਤੱਤ ਨਾਲ ਪਦ ਦੀ ਕਾਵਿਕਤਾ ਬਣੀ ਰਹਿੰਦੀ ਹੈ। ਵਿਲੰਬਿਤ ਖ਼ਿਆਲ ਦੀ ਬੰਦਿਸ਼ ਤਾਲਬੱਧ ਤਾਂ ਹੁੰਦੀ ਹੈ ਪਰ ਲੈਅ ਦਾ ਬੰਧਨ ਕਠੋਰ ਨਹੀਂ ਹੁੰਦਾ ਤਾਂ ਕਿ ਬੰਦਿਸ਼ ਦੇ ਸਰੂਪ-ਨਿਰਧਾਰਨ ਵਿਚ ਮੀਂਡ, ਅੰਦੋਲਨ, ਖਟਕਾ, ਕਣ ਤੇ ਮੁਰਕੀ ਇਨ੍ਹਾਂ ਸਾਰਿਆਂ ਅਲੰਕਰਣਾਂ ਦਾ ਭਰਪੂਰ ਪ੍ਰਯੋਗ ਕਰਨ ਦੀ ਗੁੰਜਾਇਸ਼ ਬਣੀ ਰਵੇ। ਬੰਦਿਸ਼ ਦੀ ਸਥਾਪਨਾ ਤੋਂ ਬਾਅਦ ਅਲਾਪ ਵਿਸਥਾਰ ਵਿਚ ਲੈਅ ਬੰਧਨ ਘੱਟ ਹੋ ਜਾਂਦਾ ਹੈ ਤਾਲ ਦੇ ਦਾਇਰੇ ਨੂੰ ਧਿਆਨ ਵਿਚ ਰੱਖਦੇ ਹੋਏ ਸਿੱਧ ਗਾਇਕਾਂ ਦੁਆਰਾ ਵਿਸਥਾਰ ਇੰਜ ਕੀਤਾ ਜਾਂਦਾ ਹੈ ਜਿਵੇਂ

ਕਿਸੇ ਮਹਾਨ ਚਿੱਤਰਕਾਰ ਦੁਆਰਾ ਬਹੁਤ ਵੱਡੀ ਕੈਨਵਸ ਤੇ ਪੂਰੇ ਬ੍ਰਹਮੰਡ ਨੂੰ ਆਪ ਦੇ ਸਾਹਮਣੇ ਚਿੱਤਰਿਆ ਜਾ ਰਿਹਾ ਹੋਵੇ।

ਵਿਲੰਬਿਤ ਖ਼ਿਆਲ ਦੀ ਪਦ ਰਚਨਾ ਸੰਖੇਪ ਹੁੰਦੀ ਹੈ।ਜ਼ਿਆਦਾਤਰ ਇਕ ਪੰਗਤੀ ਸਥਾਈ ਦੀ ਤੇ ਇਕ ਹੀ ਪੰਗਤੀ ਅੰਤਰੇ ਦੀ ਹੁੰਦੀ ਹੈ ਪਰ ਪ੍ਰਸੰਗ, ਵਿਚਾਰ ਤੇ ਤੱਥ ਪੂਰਨਰੂਪ ਵਿਚ ਵਿਅਕਤ ਹੁੰਦਾ ਹੈ ਤੇ ਭਾਵ ਅਪਾਰ ਹੁੰਦਾ ਹੈ। ਉ. ਅਮੀਰ ਖਾਂ ਸਾਹਿਬ ਤੇ ਪੰ.ਰਾਜਨ ਸਾਜਨ ਮਿਸ਼ਰ ਵਰਗੇ ਸਿੱਧ ਗਾਇਕਾਂ ਦੁਆਰਾ ਗਾਈ ਗਈ ਰਾਗ ਮਾਰਵਾ ਦੇ ਵਿਲੰਬਿਤ ਖ਼ਿਆਲ ਦੀ ਪਰੰਪਰਿਕ ਬੰਦਿਸ਼ ਦੀ **ਸ਼ਬਦ-ਰਚਨਾ**[15] ਉਦਾਹਰਣ ਲਈ ਇੱਥੇ ਪ੍ਰਸਤੁਤ ਹੈ -

ਸਥਾਈ : ਪੀਆ ਮੋਰੇ ਅਨਤ ਦੇਸ ਗਇਲਵਾ, ਨਾ ਜਾਨੂੰ ਕਬ ਘਰ ਆਵੇਂਗੇ।

ਅੰਤਰਾ : ਉਨਕੇ ਦਰਸ ਦੇਖਬੇ ਕੋ ਅਖੀਆਂ ਤਰਸ ਰਹੀਂ, ਨਾ ਜਾਨੂੰ ਕਬ ਘਰ ਆਵੇਂਗੇ।

ਪ੍ਰਸਤੁਤ ਬੰਦਿਸ਼ ਅਕਾਰ ਵਿਚ ਸੰਖੇਪ ਪਰ ਭਾਵ ਵਿਚ ਵਿਸਤਰਿਤ ਹੈ ਜੋ ਕਿ ਕਲਾਕਾਰ ਨੂੰ ਰਾਗ ਮਾਰਵਾ ਦੇ ਭਾਵ ਅਨੁਸਾਰ ਵਧੇਰੇ ਵਿਸਥਾਰ ਲਈ ਅਧਾਰ ਪ੍ਰਦਾਨ ਕਰਦੀ ਹੈ। ਪ੍ਰੀਤਮ ਦੇ ਵਿਦੇਸ਼ ਚਲੇ ਜਾਣ ਅਤੇ ਆਉਣ ਦੀ ਅਨਿਸ਼ਚਿਤਤਾ ਤੋਂ ਪੈਦਾ ਹੋਈ ਬੇਚੈਨੀ ਗਾਇਕ ਨੂੰ ਰਾਗ ਮਾਰਵਾ ਦੇ ਸਵਰਾਂ ਵਿਚ ਵਿਰਾਨੇਪਨ ਤੇ ਉਦਾਸੀ ਦੇ ਵਾਤਾਵਰਨ ਨੂੰ ਸਾਕਾਰ ਕਰਨ ਵਿਚ ਸਹਾਇਤਾ ਕਰਦੀ ਹੈ ਤੇ ਸਿੱਧ ਗਾਇਕ 40-50 ਮਿੰਟ ਤੱਕ ਵਿਲੰਬਿਤ ਖ਼ਿਆਲ ਦਾ ਵਿਸਤਾਰ ਕਰਨ ਵਿਚ ਸਮਰਥ ਹੋ ਜਾਂਦੇ ਹਨ।

**ਅ) ਦਰੁੱਤ ਖ਼ਿਆਲ** -

ਦਰੁੱਤ ਜਾਂ ਛੋਟੇ ਖ਼ਿਆਲ ਮੱਧ ਅਤੇ ਧਰੁੱਤ ਲੈਅ ਵਿਚ ਬੰਨੇ ਹੁੰਦੇ ਹਨ। ਦਰੁੱਤ ਖ਼ਿਆਲ ਵਿਚ ਆਲਾਪ ਘੱਟ ਅਤੇ ਤਾਨ ਜ਼ਿਆਦਾ ਹੁੰਦੀ ਹੈ। ਵਿਲੰਬਿਤ ਖ਼ਿਆਲ ਦੀ ਬਜਾਇ ਦਰੁਤ ਖ਼ਿਆਲ ਵਿਚ ਵਿਸਥਾਰ ਘੱਟ ਹੁੰਦਾ ਹੈ। ਦਰੁੱਤ ਖ਼ਿਆਲ ਤਿੰਨਤਾਲ, ਦਰੁੱਤ ਇਕਤਾਲ, ਝੱਪਤਾਲ, ਆੜਾ ਚੌਤਾਲ ਅਤੇ ਰੂਪਕ ਵਿਚ ਬੰਨੇ ਮਿਲਦੇ ਹਨ। ਇੰਨ੍ਹਾਂ ਵਿਚੋਂ ਤਿੰਨਤਾਲ ਅਤੇ ਦਰੁੱਤ ਇਕਤਾਲ ਸਭ ਤੋਂ ਵਧੇਰੇ ਪ੍ਰਚਲਿਤ ਤਾਲਾਂ ਹਨ।

ਲੈਅ ਦਰੁੱਤ ਹੋਣ ਕਾਰਨ ਮਾਤਰਾਵਾਂ ਵਿਚਕਾਰ ਫੈਲਾਵ ਘੱਟ ਹੁੰਦਾ ਹੈ ਤੇ ਸ਼ਬਦਾਂ ਵਿਚ ਕਸਾਉਪਨ ਜ਼ਿਆਦਾ ਹੁੰਦਾ ਹੈ, ਛੰਦ ਬੰਧਨ ਵੀ ਸੁਦ੍ਰਿੜ ਰਹਿੰਦਾ ਹੈ। ਵਿਲੰਬਿਤ ਖ਼ਿਆਲ ਦੀ ਬਜਾਇ ਦਰੁੱਤ ਖ਼ਿਆਲ ਦੀ ਕਾਵਿ ਰਚਨਾ ਲੰਬੀ ਹੁੰਦੀ ਹੈ ਪਰ ਸੁਗਮ ਗੀਤ ਪ੍ਰਕਾਰਾਂ ਦੀ ਤੁਲਨਾ ਵਿਚ ਸੰਖੇਪ। ਖ਼ਿਆਲ ਸ਼ੈਲੀ ਦੇ ਅਨੁਰੂਪ ਸੰਖੇਪ ਹੋਣ ਤੇ ਵੀ ਇਹ ਬੰਦਿਸ਼ਾਂ ਕਲਪਨਾ-ਵਿਸਥਾਰ ਤੇ ਭਾਵ ਸਿੱਧੀ ਵਿਚ ਸਮਰਿਧ ਹੁੰਦੀਆਂ ਹਨ। ਉਦਾਹਰਣ ਲਈ ਰਾਗ ਕਾਮੋਦ ਦੇ ਦਰੁੱਤ ਖ਼ਿਆਲ ਦੀ ਇਕ ਪਰੰਪਰਾਗਤ ਬੰਦਿਸ਼ ਦੀ **ਸ਼ਬਦ-ਰਚਨਾ**[16] ਇਥੇ ਪੇਸ਼ ਹੈ -

ਸਥਾਈ - ਏ-ਰੀ ਜਾਨੇ ਨਾ ਦੂੰਗੀ ਏਰੀ ਮਾਈ ਅਪਣੇ ਬਲਮ ਕੋ, ਨੈਨਨ ਮੇਂ ਕਰ ਰਾਖੂੰ ਪਲਖਨ ਮੂੰਦ ਮੂੰਦ।

ਅੰਤਰਾ - ਚਮਕੇ ਬਿਜੁਰੀ ਮੇਹਾ ਬਰਸੇ, ਸਦਾ ਰੰਗੀਲੇ ਮੁਹਮਦ ਸਾਹ, ਬਰਸੇ ਮੇਹਾ ਬੂੰਦ-ਬੂੰਦ॥

ਬ੍ਰਜ ਭਾਸ਼ਾ ਦੀ ਕੋਮਲਕਾਂਤ ਪਦਾਵਲੀ ਵਾਲੀ ਪ੍ਰਸਤੁਤ ਬੰਦਿਸ਼ ਬਹੁਤ ਹੀ ਭਾਵਪੂਰਨ ਹੈ। ਪ੍ਰੇਮਿਕਾ ਦੇ ਮਨ ਵਿਚ ਪ੍ਰੀਤਮ ਦੇ ਪ੍ਰਤਿ ਭਰਿਆ ਹੋਇਆ ਭਾਵ ਅਨੁਕੂਲ ਸ਼ਬਦਾਂ ਦੇ ਮਾਧਿਅਮ ਨਾਲ ਉਮੜ ਪੈਂਦਾ ਹੈ।

## 2.1 ਭਾਵ ਸਿੱਧੀ ਵਿਚ ਖ਼ਿਆਲ ਬੰਦਿਸ਼ਾਂ ਦੇ ਕਾਵਿ ਦਾ ਮਹੱਤਵ

ਗਾਇਨ ਵਿਚ ਸਵਰ ਅਤੇ ਤਾਲ ਦੇ ਪ੍ਰਯੋਗ ਦੁਆਰਾ ਜੋ ਭਾਵ ਉਤਪੰਨ ਕੀਤੇ ਜਾ ਰਹੇ ਹਨ, ਬੰਦਿਸ਼ ਦੀ ਕਵਿਤਾ ਵੀ ਜੇਕਰ ਉਨ੍ਹਾਂ ਭਾਵਾਂ ਦੀ ਪੂਰਕ ਬਣ ਜਾਵੇ ਤਾਂ ਕਲਾ ਹੋਰ ਵੀ ਸੁੰਦਰ ਤੇ ਪੂਰਣ ਹੋ ਜਾਂਦੀ ਹੈ। ਦਰਅਸਲ ਖ਼ਿਆਲ ਗਾਇਨ ਦੀ ਭਾਵ-ਅਭਿਵਿਯੰਜਨਾ ਵਿਚ ਬੰਦਿਸ਼ ਰਚਨਾ ਦਾ ਵਡਮੁੱਲਾ ਯੋਗਦਾਨ ਹੁੰਦਾ ਹੈ। ਨਿਸੰਦੇਹ ਨਾਦ ਦੀ ਭਾਸ਼ਾ ਬਹੁਤ ਪ੍ਰਭਾਵਸ਼ਾਲੀ ਹੁੰਦੀ ਹੈ, ਸਵਰ ਅਤੇ ਲੈਅ ਭਾਵਾਂ ਦਾ ਸੰਗੀਤਆਤਮਕ ਰੂਪ ਹਨ ਪਰੰਤੂ ਬਹੁਜਨ ਸੰਗੀਤ ਸਮਾਜ ਤੱਕ ਭਾਵਾਂ ਦੀ ਪਹੁੰਚ ਸਪਸ਼ਟਤਾ ਨਾਲ ਤਾਂ ਹੀ ਸੰਭਵ ਹੁੰਦੀ ਹੈ ਜਦੋਂ ਸਵਰ ਅਤੇ ਲੈਅ ਦੀ ਰਚਨਾ ਨੂੰ ਸਾਰਥਕ ਅਤੇ ਕੋਮਲ ਪਦਾਵਲੀ ਦਾ ਅਧਾਰ ਵੀ ਮਿਲ ਜਾਵੇ। ਧੁਨੀਆਤਮਕ ਨਾਦ, ਵਰਣਾਤਮਕ ਨਾਦਾਂ ਦਾ ਲਿਬਾਸ ਪਹਿਨ ਕੇ ਭਾਵਾਂ ਨੂੰ ਰੂਪਮਾਨ ਕਰਦੇ ਹਨ। ਏਹੀ ਕਾਰਣ ਹੈ ਕਿ ਗਾਇਨ, ਵਾਦਨ ਅਤੇ ਨਰਿਤ ਵਿਚੋਂ ਗਾਇਨ ਨੂੰ ਪ੍ਰਥਮ ਅਤੇ ਸਰਵਪ੍ਰਮੁਖ ਮੰਨਿਆ ਗਿਆ ਹੈ।

ਇਕ ਆਦਰਸ਼ ਖ਼ਿਆਲ ਗਾਇਕ ਦੁਆਰਾ ਇਸ ਗੱਲ ਦਾ ਧਿਆਨ ਰੱਖਣਾ ਜਰੂਰੀ ਹੈ ਕਿ ਉਹ ਪੂਰੀ ਕੋਸ਼ਿਸ਼ ਕਰਕੇ ਬੰਦਿਸ਼ ਦੇ ਸ਼ਬਦਾਂ ਦੀ ਸਪਸ਼ਟਤਾ ਬਣਾਈ ਰੱਖੇ। ਭਾਵੇਂ ਇਹ ਆਮ ਧਾਰਣਾ ਹੈ ਕਿ ਖ਼ਿਆਲ ਗਾਇਨ ਦੇ ਭਾਵ ਪ੍ਰਗਟਾਵੇ ਵਿੱਚ ਰਾਗ, ਲੈਅ ਅਤੇ ਤਾਲ ਦੇ ਤੱਤ ਹੀ ਪ੍ਰਮੁੱਖ ਹਨ, ਬੰਦਿਸ਼ ਦੀ ਕਵਿਤਾ ਜਾਂ ਸ਼ਬਦ ਗੌਣ ਹੁੰਦੇ ਹਨ, ਪਰੰਤੂ ਵਸਤੂਨਿਸ਼ਟ ਦ੍ਰਿਸ਼ਟੀ ਤੋਂ ਦੇਖਣ ਨਾਲ ਇਹ ਬੋਧ ਹੁੰਦਾ ਹੈ ਕਿ ਰਾਗ, ਲੈਅ, ਤਾਲ ਤੇ ਨਜ਼ਾਕਤ ਭਰੇ ਭਾਵਪੂਰਣ ਸ਼ਬਦ ਇਕ-ਦੂਜੇ ਦੇ ਪੂਰਕ ਬਣ ਕੇ ਖ਼ਿਆਲ ਗਾਇਨ ਵਿੱਚ ਭਾਵਾਂ ਦੀ ਸਿੱਧੀ ਕਰਦੇ ਹਨ।

ੳ. ਅਮੀਰ ਖ਼ਾਂ ਸਾਹਿਬ, ਜਿੰਨ੍ਹਾਂ ਨੇ ਖ਼ਿਆਲ ਨੂੰ ਦਰਸ਼ਨ ਬਣਾ ਦਿੱਤਾ, ਸਮਾਧੀ ਦਾ ਰੂਪ ਦਿੱਤਾ, ਉਨ੍ਹਾਂ ਖਾਂ ਸਾਹਿਬ ਬਾਰੇ ਆਮ ਧਾਰਣਾ ਇਹ ਹੈ ਕਿ ਖਾਂ ਸਾਹਿਬ ਬੰਦਿਸ਼ ਦੇ ਕਾਵਿ ਪੱਖ ਨੂੰ ਮਹੱਤਵ ਨਹੀਂ ਦਿੰਦੇ ਸਨ ਪਰ ਸੂਖਮਤਾ ਨਾਲ ਅਧਿਐਨ ਕਰਨ ਤੋਂ ਬੋਧ ਹੁੰਦਾ ਹੈ ਕਿ ਖ਼ਾਂ ਸਾਹਿਬ ਬਾਰੇ ਪ੍ਰਚਲਿਤ ਇਹ ਧਾਰਣਾ ਵਾਸਤਵਿਕਤਾ ਤੋਂ ਪਰੇ ਹੈ। ਖ਼ਾਂ ਸਾਹਿਬ ਦਰਅਸਲ ਰਾਗ, ਸੁਰ, ਲੈਅ ਅਤੇ ਸ਼ਬਦ ਦੇ ਭਾਵ ਵਿਚ ਇੰਨੇ ਗਹਿਰੇ ਉਤਰ ਗਏ ਸਨ ਕਿ ਉਨ੍ਹਾ ਦੀ ਸੰਪੂਰਣ

ਗਾਇਕੀ ਹੀ ਭਾਵ-ਰੂਪ ਹੋ ਗਈ ਸੀ। ਉਸ ਸਥਿਤੀ ਵਿੱਚ ਕਿਤੇ-ਕਿਤੇ ਸ੍ਰੋਤਿਆਂ ਨੂੰ ਬੰਦਿਸ਼ ਦੇ ਸ਼ਬਦ ਸਪਸ਼ਟ ਸੁਣਾਈ ਨਹੀਂ ਦਿੰਦੇ ਪਰ ਖ਼ਾਂ ਸਾਹਿਬ ਖੁਦ ਰਾਗ ਤੇ ਸਾਹਿਤ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗ ਕੇ ਖ਼ਿਆਲ ਗਾਇਨ ਕਰਦੇ ਸਨ। ਇਸ ਸੰਦਰਭ ਵਿਚ ਡਾ. ਇਬਰਾਹੀਮ ਅਲੀ ਨੇ ਆਪਣੀ ਪੁਸਤਕ 'ਭਾਰਤੀਅ ਸੰਗੀਤਕਾਰ ਉ. ਅਮੀਰ ਖ਼ਾਂ' ਵਿਚ ਮੋਹਨ ਨਾਡਕਰਣੀ ਜੀ ਦੇ ਵਿਚਾਰ ਨੂੰ ਇਸ ਪ੍ਰਕਾਰ ਲਿਖਿਆ ਹੈ:-

*"ਅਮੀਰ ਖ਼ਾਂ ਨੇ ਖ਼ਿਆਲ ਗਾਇਨ ਵਿਚ ਸ਼ਬਦਾਂ ਦੇ ਪ੍ਰਯੋਗ ਤੇ ਜ਼ਿਆਦਾ ਧਿਆਨ ਦਿੱਤਾ ਸੀ। ਉਹ ਅਕਸਰ ਕਹਿੰਦੇ ਸਨ – 'ਸ਼ਬਦਾਂ ਨੂੰ ਭਾਵਨਾਂ ਦੇ ਨਾਲ ਗਾਉਣ ਨਾਲ ਸੰਗੀਤ ਜ਼ਿਆਦਾ ਅਭਿਵਿਅੰਜਨਾਤਮਕ ਹੋ ਜਾਂਦਾ ਹੈ। ਖ਼ਿਆਲ ਦਾ ਕਾਵਿਕ ਤੱਤ ਉਨ੍ਹਾਂ ਹੀ ਮਹਤੱਵਪੂਰਨ ਹੈ ਜਿੰਨ੍ਹਾਂ ਕਿ ਉਸਦਾ ਰਾਗਾਤਮਕ ਤੱਤ। ਜੇਕਰ ਕਲਾਕਾਰ ਨੂੰ ਇਕ ਚੰਗਾ ਸੰਗੀਤਕਾਰ ਬਣਨਾ ਹੈ ਤਾਂ ਉਸ ਵਿਚ ਕਾਵਿਕ ਕਲਪਨਾਸ਼ੀਲਤਾ ਦਾ ਹੋਣਾ ਬੇਹੱਦ ਜਰੂਰੀ ਹੈ।"[17] (ਭਾਵ ਅਨੁਵਾਦ)*

ਇਸੇ ਸੰਦਰਭ ਵਿਚ ਉ. ਅਮੀਰ ਖਾਂ ਸਾਹਿਬ ਦਾ ਇਕ ਹੋਰ ਵਿਚਾਰ ਪੇਸ਼ ਕਰਨਾ ਨਿਆ ਸੰਗਤ ਹੈ-

*"ਰਾਗ ਦੇ ਭਾਵਾਂ ਦੇ ਅਨੁਕੂਲ ਪਦ ਹੋਣਾ ਚਾਹੀਦਾ ਹੈ ਤੇ ਇਸ ਤੋਂ ਵੀ ਜ਼ਿਆਦਾ ਜਰੂਰੀ ਇਹ ਹੈ ਕਿ ਪਦ ਵਿਚ ਜੋ ਭਾਵ ਹੈ ਉਸਦੇ ਅਨੁਸਾਰ ਸਵਰਾਂ ਵਿਚ ਲਗਾਵ ਹੋਵੇ, ਜਿਸ ਨਾਲ ਉਸ ਰਾਗ ਵਿਸ਼ੇਸ਼ ਦੀ ਰਸਆਤਮਕ ਅਨੁਭੂਤੀ ਹੋ ਸਕੇ।"[18] (ਭਾਵ ਅਨੁਵਾਦ)*

ਉਸਤਾਦ ਅਮੀਰ ਖਾਂ ਸਾਹਿਬ ਦੇ ਉਪਰੋਕਤ ਕਥਨ ਦਾ ਅਰਥ ਇਹ ਸਪਸ਼ਟ ਕਰਨਾ ਹੈ ਕਿ ਰਾਗ ਤੇ ਪਦ ਇਕ ਦੂਜੇ ਦੇ ਪੂਰਕ ਬਣਕੇ ਹੀ ਰਸ-ਸਿੱਧੀ ਵਿਚ ਸਫਲ ਹੋ ਸਕਦੇ ਹਨ।

ਇਸ ਖੋਜ ਪੱਤਰ ਦੇ ਲੇਖਕ ਨੇ ਹਾਲ ਹੀ ਵਿੱਚ ਵੱਗਿਯਕਾਰ ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ[19] ਦੇ ਵਿਅਕਤੀਤਵ ਅਤੇ ਕ੍ਰਿਤੀਤਵ ਉੱਤੇ ਸ਼ੋਧਪ੍ਰਬੰਧ ਸੰਪੰਨ ਕੀਤਾ ਹੈ ਤੇ ਇਹ ਤੱਥ ਲੱਭਿਆ ਹੈ ਕਿ ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ 'ਨਾਦਰਸ' ਦੁਆਰਾ ਰਚੀਆਂ ਗਈਆਂ ਖ਼ਿਆਲ ਗਾਇਨ ਦੀਆਂ ਬੰਦਿਸ਼ਾਂ ਸੰਗੀਤਕ ਅਤੇ ਸਾਹਿਤਿਕ ਸੁੰਦਰਤਾ ਦੇ ਸੁਮੇਲ ਦੀਆਂ ਆਦਰਸ਼ ਉਧਾਹਰਣਾਂ ਹਨ। ਅਜਿਹੀਆਂ ਬੰਦਿਸ਼ਾਂ ਜਿੱਥੇ ਖ਼ਿਆਲ ਗਾਇਨ ਦੀ ਭਾਵਪੂਰਣ ਪੇਸ਼ਕਾਰੀ ਨੂੰ ਸੰਪੰਨ ਕਰਨ ਵਿਚ ਸਹਾਈ ਸਿਧ ਹੋ ਸਕਦੀਆਂ ਹਨ ਉੱਥੇ ਅੱਜ ਦੇ ਪ੍ਰਗਤੀਵਾਦੀ ਯੁਗ ਵਿਚ ਅਜਿਹੀਆਂ ਬੰਦਿਸ਼ਾਂ ਆਪਣੀ ਰਚਨਾਤਮਕ ਭੂਮਿਕਾ ਨਿਭਾਉਣਗੀਆਂ। ਸੰਗੀਤ ਅਤੇ ਕਾਵਿ ਦੀ ਦ੍ਰਿਸ਼ਟੀ ਤੋਂ ਖ਼ਿਆਲ ਗਾਇਨ ਦੀ ਆਦਰਸ਼ ਬੰਦਿਸ਼ ਦੇ ਸੰਬੰਧ ਵਿਚ ਅਧਿਐਨ ਕਰਦੇ ਹੋਏ ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ ਦੁਆਰਾ ਰਚਿਤ ਰਾਗ ਪੂਰੀਆ ਕਲਿਆਣ ਦੀ ਵਿਲੰਬਿਤ ਬੰਦਿਸ਼ ਦੀ **ਸ਼ਬਦ ਰਚਨਾ**[20] ਅਤੇ ਰਾਗ ਸ਼ੁੱਧ ਸਾਰੰਗ ਦੀ ਦਰੁੱਤ ਬੰਦਿਸ਼ ਦੀ **ਸ਼ਬਦ ਰਚਨਾ**[21] ਨੂੰ ਉਦਾਹਰਣ ਵਜੋਂ ਪੇਸ਼ ਕਰਨਾ ਨਿਆਸੰਗਤ ਰਵੇਗਾ।

## ਰਾਗ ਪੂਰੀਆ ਕਲਿਆਣ

ਸਥਾਈ:- ਕੈਸੇ ਸਮਝਾਊਂ ਪੀਆ ਤੋਹੇ, ਤੂ ਜਿਨ ਜਾਰੇ ਬਿਦੇਸ।

ਅੰਤਰਾ:- ਸੋਨਵਾ ਕੇ ਕਾਰਨ ਬਿਦੇਸ ਗਏ ਤੁਮ 'ਨਾਦਰਸ' ਰੂਪਾ ਹੋ ਗਏ ਕੇਸ॥

ਵਿਲੰਬਿਤ ਖ਼ਿਆਲ ਦੀਆਂ ਇੰਨ੍ਹਾਂ ਦੋਵੇਂ ਪੰਗਤੀਆਂ ਵਿਚ ਰਚਨਾਕਾਰ ਨੇ ਨਾਇਕਾ ਦੇ ਮਨ ਦੇ ਮਾਰਮਿਕ ਭਾਵਾਂ ਨੂੰ ਵਿਲੱਖਣ ਕਵਿਕਤਵ ਨਾਲ ਸੁੰਦਰ ਅਭਿਵਿਅਕਤੀ ਦਿੱਤੀ ਹੈ। ਸਥਾਈ ਵਿਚ ਨਾਇਕਾ ਆਪਣੇ ਪ੍ਰੀਤਮ ਨੂੰ ਵਿਦੇਸ਼ ਨਾ ਜਾਣ ਦੀ ਬੇਨਤੀ ਕਰਦੀ ਹੈ। ਅੰਤਰੇ ਵਿਚ ਭਾਵ ਵਿਅਕਤ ਕਰਦੇ ਹੋਏ ਕਹਿੰਦੀ ਹੈ ਕਿ ਤੁਸੀਂ ਸੋਨਾ ਅਰਥਾਤ ਧਨ ਕਮਾਉਣ ਲਈ ਵਿਦੇਸ਼ ਗਏ ਸੀ, ਤੁਹਾਡੇ ਵਾਪਸ ਆਉਣ ਤੱਕ ਮੇਰੇ ਕੇਸ 'ਰੂਪਾ' ਅਰਥਾਤ ਚਾਂਦੀ ਵਰਗੇ ਸਫੇਦ ਹੋ ਗਏ ਹਨ। ਹੁਣ ਤੁਸੀਂ ਦੁਬਾਰਾ ਵਿਦੇਸ਼ ਜਾਣ ਦੀ ਗੱਲ ਨਾ ਕਰਨਾ, ਕਿਉਂਕਿ ਤੁਹਾਡੇ ਵਾਪਸ ਆਉਣ ਤੱਕ ਸ਼ਾਇਦ ਮੈਂ ਜੀਉਂਦੀ ਵੀ ਨਾ ਰਹਿ ਸਕਾਂ। 'ਸੋਨਵਾ' ਤੇ 'ਰੂਪਾ' ਵਿਚ ਪ੍ਰਯੋਗ ਹੋਏ ਅਲੰਕਾਰਾਂ ਨੇ ਜਿੱਥੇ ਬੰਦਿਸ਼ ਨੂੰ ਭਾਵਾਂ ਦੀ ਦ੍ਰਿਸ਼ਟੀ ਤੋਂ ਮਾਰਮਿਕ ਬਣਾਇਆ ਹੈ ਉੱਥੇ ਇਹ ਬੰਦਿਸ਼ ਸਾਹਿਤਿਕ ਦ੍ਰਿਸ਼ਟੀ ਤੋਂ ਉਚਤਾ ਦੀ ਧਾਰਣੀ ਹੋ ਗਈ ਹੈ। ਰਾਗ ਪੂਰੀਆ ਕਲਿਆਣ ਦੇ ਸਵਰਾਂ ਵਿਚ ਇਸ ਪ੍ਰਕਾਰ ਦੀ ਭਾਵਪੂਰਨ ਰਚਨਾ ਦਾ ਸੰਯੋਜਨ ਖ਼ਿਆਲ ਗਾਇਕ ਨੂੰ ਵਿਸਤਰਿਤ ਅਲਾਪ ਲਈ ਸਸ਼ਕਤ ਅਧਾਰ ਪ੍ਰਦਾਨ ਕਰਦਾ ਹੈ।

ਵਿਲੰਬਿਤ ਖ਼ਿਆਲ ਦੀ ਉਪਰੋਕਤ ਉਦਾਹਰਣ ਦੇਣ ਤੋਂ ਬਾਅਦ ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ ਦੁਆਰਾ ਰਚੀ ਰਾਗ ਸ਼ੁਧ ਸਾਰੰਗ ਵਿਚ ਨਿਬੱਧ ਦਰੁੱਤ ਇਕਤਾਲ ਦੀ ਮਨੋਮੁਗਧਕਾਰੀ ਬੰਦਿਸ਼ ਦੀ ਸ਼ਬਦ ਰਚਨਾ ਇਥੇ ਪ੍ਰਸਤੁਤ ਹੈ, ਜਿਸ ਵਿਚ ਸ਼ਬਦ ਸੁੰਦਰਤਾ ਤੇ ਭਾਵ ਮਧੁਰਤਾ ਮੂਰਤੀਮਾਨ ਹੋ ਉਠੀ ਹੈ ।

## ਰਾਗ ਸ਼ੁੱਧ ਸਾਰੰਗ

ਸਥਾਈ - ਮਨਵਾ ਮੋਰਾ ਲਾਗ ਤੁਮਸੋ,

ਅਤਿ ਹੀ ਪ੍ਰਬੀਨ ਨਾਗਰ ਨਟਵਰ ਕਿਸ਼ੋਰ।

ਅੰਤਰਾ - ਅਤਿ ਉਮੰਗ ਰੰਗ-ਅੰਗ ਬਰਸਤ ਛਵੀ ਨਿਤ-ਨਿਤ ਨਯੋ-ਨਯੋ, ਹਸ-ਰਸ ਬੱਤੀਆਂ ਕਰ-ਕਰ ਮਨ ਬਸ ਕਿਯੋ, 'ਨਾਦਰਸ' ਰਸਿਕ ਚਿਤ ਚੋਰ।

ਪ੍ਰਸਤੁਤ ਬੰਦਿਸ਼ ਗੋਪੀ ਕ੍ਰਿਸ਼ਨ ਪ੍ਰੀਤ ਦੀ ਪ੍ਰਤੀਕ ਹੈ। ਰਚਨਾਕਾਰ ਨੇ ਗੋਪੀ ਦੇ ਮਨ ਵਿਚ ਭਗਵਾਨ ਕ੍ਰਿਸ਼ਨ ਦੇ ਪ੍ਰਤੀ ਭਰੇ ਅਪਾਰ ਪ੍ਰੇਮ ਨੂੰ ਅਨੁਕੂਲ ਅਲੰਕਾਰਿਕ ਭਾਸ਼ਾ ਦੇ ਮਾਧਿਅਮ ਨਾਲ ਸੁੰਦਰ ਅਭਿਵਿਅਕਤੀ ਦਿੱਤੀ ਹੈ। ਅੰਤਰੇ ਦੀ ਸ਼ਬਦ-ਰਚਨਾ ਨੇ ਬੰਦਿਸ਼ ਦੀ ਸੰਗੀਤਕਤਾ ਵਿਚ ਗੁਣਾਤਮਕ ਵਾਧਾ ਕੀਤਾ ਹੈ।

ਅਜ ਦੇ ਪ੍ਰਗਤੀਵਾਦੀ ਯੁਗ ਵਿਚ ਜਦਕਿ ਡਾਕਟਰ, ਇੰਜੀਨੀਅਰ ਤੇ ਹੋਰ ਬੁਧੀਜੀਵੀ ਲੋਕ ਸ਼ਾਸਤਰੀ ਸੰਗੀਤ ਨਾਲ ਜੁੜਨ ਲਈ ਅਗੇ ਆ ਰਹੇ ਹਨ, ਐਸੀ ਸਥਿਤੀ ਵਿਚ ਜਾਗਰੁਕ ਤੇ ਵਿਵੇਕਸ਼ੀਲ ਖ਼ਿਆਲ ਗਾਇਕ ਦਾ ਇਹ ਪਰਮ ਕਰਤੱਵ ਹੈ ਕਿ ਉਹ ਖ਼ਿਆਲ ਗਾਇਨ ਦੇ ਕਾਵਿ ਪੱਖ ਨੂੰ ਵੀ ਮਹੱਤਵ ਦੇਵੇ। ਇਸ ਨਾਲ ਜਿੱਥੇ ਇਕ ਪਾਸੇ ਕਾਵਿ ਤੇ ਸੰਗੀਤ ਦੇ ਸਨਾਤਨ ਸੰਬੰਧਾਂ ਨੂੰ ਬਲ ਮਿਲੇਗਾ ਉੱਥੇ ਭਾਵ ਸਿੱਧੀ ਦੀਆਂ ਨਵੀਆਂ ਸੰਭਾਵਨਾਵਾਂ ਵੀ ਮਿਲ ਸਕਣਗੀਆਂ। ਨਵੇਂ ਸ੍ਰੋਤਾ ਵਰਗ ਨੂੰ ਸ਼ਾਸਤਰੀ ਸੰਗੀਤ ਨਾਲ ਜੁੜਨ ਵਿਚ ਅਸਾਨੀ ਹੋਵੇਗੀ।

ਪੰ. ਗਨੇਸ਼ ਪ੍ਰਸ਼ਾਦ ਜੀ ਦੇ ਵਿਚਾਰਾਂ ਵਿਚ ਕੇਵਲ ਨਵੇਂ ਸ੍ਰੋਤਾ ਹੀ ਨਹੀਂ ਬਲਕਿ ਕਾਵਿ ਤੇ ਸੰਗੀਤ ਦੇ ਸੰਤੁਲਿਤ ਪ੍ਰਯੋਗ ਵਾਲੇ ਖ਼ਿਆਲ ਗਾਇਨ ਨੂੰ ਪੁਰਾਣੇ ਸ੍ਰੋਤਾ ਵੀ ਨਿਸ਼ਚਿਤ ਰੂਪ ਵਿਚ ਹੋਰ ਪਸੰਦ ਕਰਨਗੇ। ਆਧੁਨਿਕ ਸਮੇਂ ਦੇ ਸਿੱਧ ਖ਼ਿਆਲ ਗਾਇਕਾਂ ਨੇ ਕਾਵਿ ਤੇ ਸੰਗੀਤ ਦੇ ਇੱਕਠੇ ਰੂਪ ਨੂੰ ਸਥਾਪਤ ਕਰਕੇ ਪ੍ਰਸੰਸਾ ਯੋਗ ਜਤਨ ਕੀਤੇ ਹਨ। ਇਸ ਸੰਦਰਭ ਵਿਚ ਪੰ. ਜਸਰਾਜ, ਪੰ. ਗੋਕੁਲੋਤਸਵ ਜੀ ਮਹਾਰਾਜ, ਪੰ. ਰਾਜਨ ਸਾਜਨ ਮਿਸ਼ਰ, ਪੰ. ਅਜੇ ਚਕੱਰਵਰਤੀ, ਸ੍ਰੀ ਸੰਜੀਵ ਅਭਿਅੰਕਰ ਆਦਿ ਵਿਸ਼ੇਸ਼ ਉਲੇਖ-ਯੋਗ ਹਨ।

## ਹਵਾਲੇ ਅਤੇ ਟਿਪਣੀਆਂ


1. ਡਾ. ਗੀਤਾ ਪੈਂਟਲ, ਪੰਜਾਬ ਦੀ ਸੰਗੀਤ ਪਰੰਪਰਾ ਪੰਨਾ- 51
2. ਭੇਦ ਵਾਰਤਾ ਸੰਗੀਤ ਗੁਰੂ ਅਤੇ ਵੱਗਿਯਕਾਰ ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ, 214, ਅਜੀਤ ਨਗਰ, ਅੰਬਾਲਾ ਛਾਵਨੀ 16.02.2010
3. ਠਾਕੁਰ ਜੈ ਦੇਵ ਸਿੰਘ, ਖ਼ਿਆਲ ਔਰ ਉਸ ਕਾ ਵਿਕਾਸ, ਨਿਬੰਧ ਸੰਗੀਤ, ਸੰਪਾ, ਡਾ. ਲਕਸ਼ਮੀ ਨਾਰਾਇਨ ਗਰਗ, ਪੰਨਾ -47
4. ਡਾ. ਸੁਭਦਰਾ ਚੌਧਰੀ, ਖ਼ਿਆਲ ਕੇ ਨਿਬੱਧ ਔਰ ਅਨਿਬੱਧ ਕਾ ਵਿਸ਼ਲੇਸ਼ਣ, ਸੰਗੀਤ, ਖ਼ਿਆਲ ਅੰਕ ਜਨਵਰੀ-ਫਰਵਰੀ, 1976, ਪੰਨਾ 11-12
5. ਡਾ. ਸ਼ਰਚੰਦਰ ਸ਼੍ਰੀਧਰ ਪਰਾਂਜਪੇ, ਸੰਗੀਤ ਬੋਧ, ਪੰਨਾ - 119
6. ਸ਼ੈਲੇਂਦਰ ਕੁਮਾਰ ਗੋਸਵਾਮੀ, ਹਿੰਦੁਸਤਾਨੀ ਸੰਗੀਤ ਕੇ ਮਹਾਨ ਰਚਨਾਕਾਰ ਸਦਾਰੰਗ ਅਦਾਰੰਗ, ਪੰਨਾ - 41
7. ਅਚਾਰਿਆ ਬ੍ਰਹਸਪਤੀ, ਅਮੀਰ ਖੁਸਰੋ ਕੀ ਸੰਗੀਤਗਿਅਤਾ, ਸੰਗੀਤ, ਜੁਲਾਈ 1976 ਪੰਨਾ -29

8. ਅਮ੍ਰਿਤ ਕੀਰਤਨ, ਪੰਨਾ -556

9. ਸ਼੍ਰੀ ਰਾਜੇਸ਼ ਮੋਹਨ ਜੀ ਸਰਕਾਰੀ ਬਲਜਿੰਦਰਾ ਕਾਲਜ ਫਰੀਦਕੋਟ ਵਿਖੇ ਸੰਗੀਤ ਪ੍ਰਾਧਿਆਪਕ ਦੇ ਰੂਪ ਵਿਚ ਸੇਵਾਰਤ ਹਨ, 'ਖ਼ਆਬ ਲਿਖ ਰਹਾ ਹੂੰ' ਆਪ ਦੁਆਰਾ ਸਿਰਜਿਤ ਇਕ ਕਾਵਿ ਸੰਗ੍ਰਿਹ ਹੈ।

10. ਔ.ਗੋਸਵਾਮੀ, ਦ ਸਟੋਰੀ ਆਫ਼ ਇੰਡੀਅਨ ਮਿਊਜ਼ਿਕ, ਪੰਨਾ - 139

11. ਸ਼ੈਲੇਂਦਰ ਕੁਮਾਰ ਗੋਸਵਾਮੀ, ਹਿੰਦੁਸਤਾਨੀ ਸੰਗੀਤ ਕੇ ਮਹਾਨ ਰਚਨਾਕਾਰ ਸਦਾਰੰਗ ਅਦਾਰੰਗ ਪੰਨਾ-51

12. ਭੇਂਟ ਵਾਰਤਾ, ਡਾ. ਇਬਰਾਹੀਮ ਅਲੀ, ਸਹਾਇਕ ਸੰਗੀਤ ਪ੍ਰਾਧਿਆਪਕ ਕਾਲੀਦਾਸ ਕੰਨਿਆ ਕਾਲਜ, ਤੇਲੀਵਾੜਾ, ਉਜੈਨ 11.02.2010

13. ਡਾ. ਸੁਭਦਰਾ ਚੌਧਰੀ, ਖ਼ਿਆਲ ਕੇ ਨਿਬੱਧ ਔਰ ਅਨਿਬੱਧ ਕਾ ਵਿਸ਼ਲੇਸ਼ਣ, ਸੰਗੀਤ, ਖ਼ਿਆਲ ਅੰਕ, ਜਨਵਰੀ-ਫਰਵਰੀ 1976, ਪੰਨਾ- 7

14. ਭੇਟ ਵਾਰਤਾ ਸੰਗੀਤ ਗੁਰੂ ਅਤੇ ਵੱਗਿਯਕਾਰ ਪੰ. ਗਨੇਸ਼ ਪ੍ਰਸਾਦਿ ਜੀ ਸ਼ਰਮਾ, 214, ਅਜੀਤ ਨਗਰ, ਅੰਬਾਲਾ ਛਾਵਨੀ, 08.07.2009

15. ਡਾ. ਇਬਰਾਹੀਮ ਅਲੀ, ਭਾਰਤੀਅ ਸੰਗੀਤਕਾਰ ਉਸਤਾਦ ਅਮੀਰ ਖ਼ਾਂ, ਪੰਨਾ 236 ਤੋਂ ਉਧਰਿਤ

16. ਪੰ. ਵੀ.ਐਨ. ਭਾਤਖੰਡੇ, ਕ੍ਰਮਿਕ ਪੁਸਤਕ ਮਾਲੀਕਾ, ਭਾਗ-4, ਪੰਨਾ - 102-103 ਤੋਂ ਉਧਰਿਤ

17. ਡਾ. ਇਬਰਾਹੀਮ ਅਲੀ, ਭਾਰਤੀਅ ਸੰਗੀਤਕਾਰ ਉਸਤਾਦ ਅਮੀਰ ਖ਼ਾਂ ਸਾਹਿਬ, ਪੰਨਾ- 178

18. ਡਾ. ਇਬਰਾਹੀਮ ਅਲੀ, ਭਾਰਤੀਅ ਸੰਗੀਤਕਾਰ ਉਸਤਾਦ ਅਮੀਰ ਖ਼ਾਂ ਸਾਹਿਬ, ਪੰਨਾ- 74

19. ਪੰ. ਵਾਮਨ ਨਾਰਾਇਣ ਜੀ ਠਕਾਰ (ਪਲੁਸਕਰ ਪਰੰਪਰਾ), ਉ. ਵਾਜਿਦ ਹੁਸੈਨ ਖ਼ਾਂ ਸਾਹਿਬ (ਸਹਿਸਵਾਨ ਘਰਾਣਾ), ਪੰ. ਭੋਲਾਨਾਥ ਜੀ ਭੱਟ (ਪ੍ਰਾਚੀਨ ਭੱਟ ਘਰਾਣਾ) ਦੀ ਗੁਰੂ-ਸ਼ਿਸ਼ ਪਰੰਪਰਾ ਵਿੱਚ ਤਾਲੀਮ ਅਤੇ ਤਰਬੀਅਤ ਪ੍ਰਾਪਤ ਕੀਤੇ ਹੋਏ ਸੰਗੀਤ ਵਿਦਵਾਨ ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ ਅਨੇਕ ਮੰਚ ਕਲਾਕਾਰਾਂ ਅਤੇ ਸੂਝਵਾਨ ਅਧਿਆਪਕਾਂ ਦੇ ਸੰਗੀਤ ਗੁਰੂ ਹਨ। ਖ਼ਿਆਲ ਗਾਇਨ ਦੀਆਂ ਅਨੇਕ ਮਿਆਰੀ ਬੰਦਿਸ਼ਾਂ ਦੇ ਰਚਨਾਕਾਰ ਹੋਣ ਤੇ ਨਾਤੇ ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ 'ਨਾਦਰਸ' ਉੱਤਮ ਸ਼੍ਰੇਣੀ ਦੇ ਵੱਗਿਯਕਾਰ ਹਨ।

20. ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ ਤੋਂ ਪ੍ਰਾਪਤ ਉਨ੍ਹਾਂ ਦੀ ਸਵੈਰਚਿਤ ਬੰਦਿਸ਼ ਦੀ ਸ਼ਬਦ ਰਚਨਾ

21. ਪੰ. ਗਨੇਸ਼ ਪ੍ਰਸਾਦ ਜੀ ਸ਼ਰਮਾ ਤੋਂ ਪ੍ਰਾਪਤ ਉਨ੍ਹਾਂ ਦੀ ਸਵੈਰਚਿਤ ਬੰਦਿਸ਼ ਦੀ ਸ਼ਬਦ ਰਚਨਾ

ਖੋਜ ਪਤੱਰ ਦਾ ਪ੍ਰਸਤੁਤਕਰਤਾ,
ਪ੍ਰੇਮ ਸਾਗਰ,
ਸੰਯੁਕਤ ਪ੍ਰਾਧਿਆਪਕ,
ਹੰਸਰਾਜ ਮਹਿਲਾ ਮਹਾਵਿਦਿਆਲਾ,
ਜਲੰਧਰ-144008
ਸੇਵਾ ਵਿਖੇ

ਮਾਨਯੋਗ ਸੰਪਾਦਕ ਜੀ,
ਸਮਾਜਕ ਵਿਗਿਆਨ ਪੱਤਰ,
ਪੰਜਾਬੀ ਭਾਸ਼ਾ ਵਿਕਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਵਿਸ਼ਾ:- ਖੋਜ ਪੱਤਰ।

ਸ਼੍ਰੀਮਤੀ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਦੇ ਪੱਤਰ ਨੰ.5816 ਮਿਤੀ 23.04.2010 ਦੇ ਹਵਾਲੇ ਵਿੱਚ ਆਪ ਜੀ ਨੂੰ ਹੇਠ ਲਿਖੇ ਵਿਸ਼ੇ ਤੇ ਇਕ ਖੋਜ ਪੱਤਰ ਭੇਜ ਰਿਹਾ ਹਾਂ।

**ਵਿਸ਼ੇ ਦਾ ਸਿਰਲੇਖ ਹੈ -**

"ਸੰਗੀਤ ਅਤੇ ਕਾਵਿਕ ਦ੍ਰਿਸ਼ਟੀ ਤੋਂ ਖ਼ਿਆਲ ਗਾਇਨ ਸ਼ੈਲੀ ਦੇ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਸਰੂਪ"

ਇਹ ਖੋਜ ਪੱਤਰ ਆਪ ਜੀ ਨੂੰ ਓ-ਮਓਲਿ ਰਾਹੀਂ ਭੇਜ ਰਿਹਾ ਹਾਂ ਤੇ ੍ਹਓਰਦ ਛੋਪੇ (ਅਨਮੋਲ ਢੋਨਟ, ੋਰਦ ਢਲਿਏ) ਦੀ ਛਧ ਸਹਿਤ ਕੋਰੀਅਰ ਰਾਹੀਂ ਭੇਜ ਰਿਹਾ ਹਾਂ।

ਮੈਂ ਪੂਰੀ ਸੰਜੀਦਗੀ ਨਾਲ ਬਿਆਨ ਕਰਦਾਂ ਹਾਂ ਕਿ ਇਹ ਖੋਜ ਪਤੱਰ ਮੇਰੀ ਮੌਲਿਕ ਰਚਨਾ ਹੈ ਤੇ ਆਪ੍ਰਕਾਸ਼ਿਤ ਹੈ।

ਧੰਨਵਾਦ ਸਹਿਤ ਹਿਤੂ

ਪ੍ਰੇਮ ਸਾਗਰ,
ਸੰਯੁਕਤ ਪ੍ਰਾਧਿਆਪਕ,
ਹੰਸਰਾਜ ਮਹਿਲਾ ਮਹਾਵਿਦਿਆਲਾ,
ਜਲੰਧਰ-144008
(ਬ. 98149-41784)